# ਸੁਰਤਿ ਸ਼ਬਦ ਵਿਚਾਰ

ਬਲਬੀਰ ਸਿੰਘ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਬੀ ਯੂਨੀਵਰਸਿਟੀ, ਪਟਿਆਲਾ

Pb
294.682
B 185 S

INDIAN INSTITUTE OF
ADVANCED STUDY
LIBRARY SHIMLA

# 'ਸੁਰਤਿ-ਸ਼ਬਦ' ਵਿਚਾਰ

ਡਾ. ਬਲਬੀਰ ਸਿਘ
ਆਨਰੇਰੀ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Library IIAS, Shimla
P 294 682 B 185 S
00077064

© ਪੰਜਾਬੀ ਯੂਨੀਵਰਸਿਟੀ, ਪਟਿਆਲਾ

77064
15/10/91

P
294.682
B 185 S

1987
ਦੂਜੀ ਵਾਰ : 1100
ਮੁਲ : 6-00 ਰੁ.

ਗੁਰੂ ਨਾਨਕ ਸਿਮਰਤੀ ਵਿਖਿਆਨ

ਇਹ ਵਿਖਿਆਨ ਮਾਲਾ ਪੰਜਾਬੀ ਯੂਨੀਵਰਸਿਟੀ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੀ ਪੰਚਮ ਸ਼ਤਾਬਦੀ ਦੇ ਸੁਆਗਤ ਵਜੋਂ ਆਰੰਭ ਕੀਤੀ ਸੀ । ਸ਼ਤਾਬਦੀ ਮਗਰੋਂ ਇਹ ਵਿਖਿਆਨ ਯੂਨੀਵਰਸਿਟੀ ਦਾ ਵਾਰਸ਼ਕ ਸਮਾਗਮ ਬਣਾ ਦਿੱਤੇ ਗਏ । ਪਿਛਲੇ ਸਾਲਾਂ ਵਿਚ ਇਸ ਲੜੀ ਦੇ ਅੰਤਰਗਤਿ ਪੰਜ ਵਿਖਿਆਨ ਹੋ ਚੁੱਕੇ ਹਨ । ਸਾਲ 1971 ਦੇ ਵਿਖਿਆਨ ਡਾ. ਬਲਬੀਰ ਸਿੰਘ ਜੀ ਨੇ ਦਿੱਤੇ । ਆਪ ਇਸ ਲੜੀ ਵਿਚ ਛੇਵੇਂ ਵਕਤਾ ਹਨ ।

---

ਸਰਦਾਰ ਤੀਰਥ ਸਿੰਘ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਅਤੇ ਮੇਹਰਬਾਨ ਪ੍ਰਿੰਟਰਜ਼, ਲੁਧਿਆਣਾ ਦੁਆਰਾ ਮੁਦ੍ਰਿਤ ।

# ਭੂਮਿਕਾ

## (ਪਹਿਲਾ ਸੰਸਕਰਣ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਰਮ ਨੂੰ ਸ਼ੁੱਧ ਰੂਪ ਵਿਚ ਸਮਝਣ ਲਈ ਜ਼ਰੂਰੀ ਹੈ ਕਿ ਉਸ ਦੇ ਮਹੱਤਵਪੂਰਣ, ਲਾਜ਼ਮੀ ਅਤੇ ਬੁਨਿਆਦੀ ਸਿੱਧਾਂਤਾਂ ਅਤੇ ਪਰਿਭਾਸ਼ਕ ਸ਼ਬਦਾਂ ਤੇ ਸੰਕੇਤਾਂ ਨੂੰ ਸਮਝਿਆ ਜਾਏ। ਨਾਲ ਲਗਦੀਆਂ ਹੋਰ ਗੱਲਾਂ ਨੂੰ ਵੀ ਵਿਚਾਰਨ ਦੀ ਲੋੜ ਹੁੰਦੀ ਹੈ, ਪਰ ਪਹਿਲ ਬੁਨਿਆਦੀ ਤੇ ਆਵੱਸ਼ਕ ਸੰਕਲਪਾਂ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਚੰਗੀ ਤਰ੍ਹਾਂ ਵਿਚਾਰਿਆ ਜਾਏ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ, ਹਰ ਪੱਖੋਂ ਸਪੱਸ਼ਟ ਕੀਤਾ ਜਾਏ। ਨਿਸ਼ਚੇ ਹੀ, ਸੁਰਤਿ ਤੇ ਸ਼ਬਦ ਅਤੇ ਇਨ੍ਹਾਂ ਦੇ ਪਰਸਪਰ ਸੰਬੰਧ ਨੂੰ ਪੂਰੀ ਭਾਂਤ ਸਪੱਸ਼ਟ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਮਹੱਤਵਪੂਰਣ ਅਤੇ ਬੁਨਿਆਦੀ ਸਿੱਧਾਂਤ ਹੈ। ਜਿਵੇਂ ਕਿ ਡਾ. ਬਲਬੀਰ ਸਿੰਘ ਜੀ ਨੇ ਦੱਸਿਆ ਹੈ—'ਸੁਰਤਿ' ਦਾ ਵਰਣਨ ਗੁਰੂ ਜੀ ਦੀ ਬਾਣੀ ਵਿਚ 73 ਵਾਰੀ ਹੋਇਆ ਹੈ। ਇਹ ਤੱਥ ਹੀ 'ਸੁਰਤਿ' ਦੀ ਮਹਾਨਤਾ ਨੂੰ ਪ੍ਰਗਟ ਕਰਨ ਲਈ ਕਾਫ਼ੀ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਵਿਚ ਸੁਰਤਿ-ਸ਼ਬਦ ਦਾ ਜ਼ਿਕਰ ਆਇਆ ਹੈ, ਉਥੇ ਨਾਲ ਪੰਚ ਸ਼ਬਦ, ਅਨਹਦ ਸ਼ਬਦ ਦਾ ਵੀ ਜ਼ਿਕਰ ਆਇਆ ਹੈ। ਇਸ ਲਈ 'ਸੁਰਤਿ-ਸ਼ਬਦ' ਦੇ ਸੰਕਲਪ ਵਿਚਾਰਦਿਆਂ ਅਨਹਦ ਸ਼ਬਦ ਤੇ ਪੰਚ ਸ਼ਬਦ ਨੂੰ ਵੀ ਵਿਚਾਰਨਾ ਆਵੱਸ਼ਕ ਹੋ ਜਾਂਦਾ ਹੈ। ਆਪਣੇ ਧਰਮ ਦੇ ਸਰੂਪ ਨੂੰ ਸ਼ੁੱਧ, ਨਿਰਮਲ ਰਖਣ ਲਈ ਬੁਨਿਆਦੀ ਸਿੱਧਾਂਤਾਂ ਨੂੰ ਵਿਚਾਰਨਾ ਤੇ ਸਪੱਸ਼ਟ ਕਰਨਾ ਅਤਿ ਜ਼ਰੂਰੀ ਹੈ। ਇਸੇ ਲਈ ਗੁਰੂ ਨਾਨਕ ਸਿਮਰਤੀ ਵਿਖਿਆਨ ਮਾਲਾ ਲਈ 'ਸੁਰਤਿ-ਸ਼ਬਦ' ਦੇ ਵਿਸ਼ੇ ਨੂੰ ਚੁਣਨਾ ਇਸ ਸਾਲ ਦੀ ਲੜੀ ਵਿਚ ਯੋਗ ਸਮਝਿਆ ਗਿਆ।

ਮੈਂ ਕਾਫ਼ੀ ਚਿਰ ਤੋਂ ਨਿੱਜੀ ਤੌਰ ਤੇ ਸਮਝਣ ਦਾ ਯਤਨ ਕਰਦਾ ਰਿਹਾ ਹਾਂ ਕਿ ਸੁਰਤਿ ਕੀ ਹੈ ਅਤੇ ਸ਼ਬਦ ਕੀ ਹੈ? ਇਨ੍ਹਾਂ ਨੂੰ ਸਮਝਣ ਲਈ ਅਨੁਭਵੀ, ਅਭਿਆਸੀ ਮਹਾਂ ਪੁਰਖਾਂ ਦੀ ਸੰਗਤ ਵੀ ਕਰਦਾ ਰਿਹਾ ਹਾਂ ਤੇ ਹੁਣ ਵੀ ਯਤਨ ਕਰ ਰਿਹਾ ਹਾਂ। ਮੈਨੂੰ ਅਭਿਆਸ ਵਾਲੇ ਅਨੁਭਵੀ ਮਹਾਂ ਪੁਰਖਾਂ ਦੀ ਸੰਗਤ ਤੋਂ ਇਤਨਾ ਪਤਾ ਲੱਗਾ ਹੈ ਕਿ ਮਨੁੱਖ ਜਨਮ ਸੱਚੀ-ਮੁਚੀ ਅਮੋਲਕ ਹੈ। ਉਸ ਦੇ ਇਕ

ਸ੍ਵਾਸ ਦੀ ਕੀਮਤ, ਜੇ ਪਰਮਾਰਥੀ ਨੁਕਤਾ ਨਿਗਾਹ ਤੋਂ ਦੇਖਿਆ ਜਾਵੇ ਤਾਂ ਤਿੰਨਾਂ ਲੋਕਾਂ ਦੀ ਦੌਲਤ ਵੀ ਨਹੀਂ ਦੇ ਸਕਦੀ। ਜਦ ਮਨੁੱਖ ਪੈਦਾ ਹੁੰਦਾ ਹੈ ਤਾਂ ਉਹ ਇੰਦ੍ਰੀਆਂ ਨਾਲ ਹੀ ਲਿਆਉਂਦਾ ਹੈ ਤੇ ਪ੍ਰਾਣ ਵੀ। ਪਰ ਇਨ੍ਹਾਂ ਤੋਂ ਇਲਾਵਾ ਉਹ ਮਨ, ਬੁਧੀ ਤੇ ਸੁਰਤਿ ਸ਼ਕਤੀ ਵੀ ਨਾਲ ਲੈ ਆਉਂਦਾ ਹੈ। ਪਰ ਸਭ ਤੋਂ ਉੱਤਮ ਤੇ ਤਾਕਤਵਰ ਹਸਤੀ 'ਪ੍ਰਮਾਤਮਾ' ਸ਼ਬਦ ਸਰੂਪ ਜਾਂ ਨਾਮ ਰੂਪ ਵੀ ਉਹ ਆਪਣੇ ਅੰਤ੍ਰੀਵ ਹਿਰਦੇ ਵਿਚ ਲੈ ਕੇ ਆਉਂਦਾ ਹੈ। ਸਾਡਾ ਦੁਰਭਾਗ ਇਹ ਹੈ ਕਿ ਅਸੀਂ ਮੋਹ, ਮਮਤਾ, ਮਾਇਆ ਦੇ ਪ੍ਰਭਾਵ ਹੇਠਾਂ ਇੰਦ੍ਰੀਆਂ ਤੇ ਮਨ ਦੇ ਵਸ ਹੋ ਕੇ ਉਸ ਪਰਮ ਸ਼ਕਤੀ ਦਾ ਅਨੁਭਵ ਹੀ ਨਹੀਂ ਕਰ ਸਕਦੇ । ਅਸਲ ਵਿਚ ਪ੍ਰਮਾਤਮਾ ਨੇ ਮਨ ਬਣਾਇਆ ਸੀ ਇੰਦ੍ਰੀਆਂ ਦੇ ਕਾਬੂ ਕਰਨ ਨੂੰ, ਤੇ ਸ਼ਬਦ ਦੀ ਤਾਕਤ ਅੰਦਰ ਰਖ ਦਿੱਤੀ ਸੀ ਤਾਂ ਜੋ ਮਨ ਕਾਬੂ ਹੋ ਜਾਵੇ। ਮਨ ਸ਼ਬਦ ਰਾਹੀਂ ਹੀ ਸ਼ੁੱਧ ਜਾਂ ਨਿਰਮਲ ਹੋ ਸਕਦਾ ਹੈ। ਜਦ ਮਨ ਕਾਬੂ ਹੋ ਜਾਵੇ ਤਾਂ ਇੰਦ੍ਰੀਆਂ ਦਾਸੀਆਂ ਬਣ ਕੇ ਪਰਮਾਰਥ ਵਿਚ ਸਹਾਈ ਹੁੰਦੀਆਂ ਹਨ। 'ਸੁਰਤਿ-ਸ਼ਬਦ' ਅਭਿਆਸ ਨਾਲ ਹੀ ਮਨ ਇੰਦ੍ਰੀਆਂ ਦੀ ਗੁਲਾਮੀ ਤੋਂ ਛੁਟਕਾਰਾ ਪਾ ਸਕਦਾ ਹੈ। 'ਸੁਰਤਿ' ਸ਼ਬਦ ਨੂੰ ਪਕੜ ਕੇ ਪ੍ਰਾਣਾਂ ਨੂੰ ਉਪਰ ਵੱਲ (ਨੌਂ ਦਵਾਰਿਆਂ ਤੋਂ ਉਤੇ) ਲੈ ਜਾ ਸਕਦੀ ਹੈ।

'ਸੁਰਤਿ' ਦੀ ਅਸਲੀਅਤ ਨੂੰ ਜਾਣਨ ਦੀ ਲੋੜ ਹੈ, ਜੇ ਸਿੱਖ ਨੇ ਅਸਲੀ ਧਾਰਮਿਕ ਤੇ ਅਧਿਆਤਮਕ ਜੀਵਨ ਜੀਣਾ ਹੈ। ਇਸ ਅਸਲੀਅਤ ਤੋਂ ਅਣਜਾਣ ਹੋਣ ਕਰਕੇ ਹੀ ਸਾਰਾ ਦੁੱਖ ਹੈ। 'ਸੁਰਤਿ' ਸ਼ਬਦ ਵਿਚ ਲੱਗੀ ਹੋਵੇ, ਰਸਾਂ-ਕਸਾਂ ਤੋਂ ਉਠੀ ਹੋਵੇ, ਫਿਰ ਸੁੱਖ ਹੀ ਸੁੱਖ ਹੈ ਤੇ ਜੀਵ ਸਦਾ ਸਹਜ ਅਵੱਸਥਾ ਪ੍ਰਾਪਤ ਕਰ ਲੈਂਦਾ ਹੈ—ਇਸੇ ਨੂੰ ਹੀ ਬਾਣੀ ਵਿਚ ਅਸਲ ਅਨੰਦ ਕਹਿ ਕੇ ਦੱਸਿਆ ਹੈ।

ਤਾਂ ਤੇ ਪਰਮਾਰਥ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ 'ਸੁਰਤਿ' ਕਿਵੇਂ ਸਾਡੇ ਕਾਬੂ ਵਿਚ ਆਵੇ ਅਤੇ ਰਹੇ ? ਇਸ ਦਾ ਕੇਵਲ ਇਕੋ ਤਰੀਕਾ ਹੈ। 'ਸੁਰਤਿ' ਦਾ ਸੋਮਾ ਸ਼ਬਦ ਹੈ ਤੇ ਇਸ ਲਈ ਇਸ ਨੂੰ ਕੇਵਲ ਸ਼ਬਦ ਹੀ ਪਕੜ ਸਕਦਾ ਹੈ ਕਿਉਂਕਿ ਸ਼ਬਦ ਹੀ ਮਨ ਦੇ ਰਸਾਂ-ਕਸਾਂ ਅਤੇ ਮਾਇਆ ਦੇ ਲੇਸ ਤੋਂ ਪਰ੍ਹੇ ਹੈ। ਸ਼ਬਦ ਨਿਰਾ ਪ੍ਰਕਾਸ਼ ਹੈ, ਸ਼ਬਦ ਸਥਿਤ ਹੋਣ ਨਾਲ ਹੀ ਅਸੀਂ ਨਾਮ ਦੀ ਸੋਝੀ ਲੈ ਸਕਦੇ ਹਾਂ ਤੇ ਪਾਰਬ੍ਰਹਮ ਜਾਂ ਸਤਿਨਾਮ ਦੇਸ ਦੀ ਪ੍ਰਾਪਤੀ ਕਰ ਸਕਦੇ ਹਾਂ। 'ਸੱਚਾ' ਸ਼ਬਦ ਜਾਂ 'ਸਾਰ' ਸ਼ਬਦ ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰੀ ਆਇਆ ਹੈ, 'ਧੁਨਾਤਮਕ' ਹੈ। ਇਸ 'ਸਾਰ' ਜਾਂ 'ਸਚੈ' ਸ਼ਬਦ ਤੀਕ ਪੁਜਣ ਲਈ ਅੰਤਰਮੁਖੀ ਹੋਣਾ ਆਵੱਸ਼ਕ ਹੈ। ਸਿਮਰਨ ਨੂੰ ਪਕਾਉਣਾ ਪੈਂਦਾ ਹੈ, ਗੁਰੂ ਦੀ ਟੇਕ

ਜਾਂ ਸ਼ਰਨ ਲੈਣੀ ਪੈਂਦੀ ਹੈ, ਤੇ ਫਿਰ ਗੁਰੂ ਦੀ ਕ੍ਰਿਪਾ ਰਾਹੀਂ ਸਿਮਰਨ ਤੇ ਧਿਆਨ ਦੁਆਰਾ 'ਅਨਹਦ ਧੁਨੀ', ਨੂੰ ਪਕੜਨਾ ਹੈ। ਫਿਰ ਜਾ ਕੇ 'ਸ਼ਬਦ-ਗੁਰੂ' ਦੀ ਕ੍ਰਿਪਾ ਰਾਹੀਂ ਜੀਵ ਕਿਧਰੇ ਆਪਣੇ ਆਪ ਨੂੰ ਪਛਾਣਨ ਯੋਗ ਹੁੰਦਾ ਹੈ ਤੇ ਮਨਮੁੱਖਤਾ ਛਡ ਕੇ ਗੁਰਮੁੱਖਤਾ ਪ੍ਰਾਪਤ ਕਰ ਸਕਦਾ ਹੈ। ਮਨੁੱਖ ਆਪਾ ਚੀਨੇ ਬਿਨਾਂ (without self-analysis) ਮਾਇਆ ਦੇ ਭ੍ਰਮਾਂ ਤੋਂ ਕਦੀ ਨਹੀਂ ਨਿਕਲ ਸਕਦਾ। ਮਨ ਦੀ ਬਾਹਰਮੁਖੀ ਰੁੱਚੀ ਵੱਲੋਂ ਮੂੰਹ ਮੋੜਨ ਤੋਂ ਬਿਨਾਂ 'ਸਿਮਰਨ' ਕਦੀ ਪਕਾ ਹੀ ਨਹੀਂ ਹੋ ਸਕਦਾ ਤੇ ਸਿਮਰਨ ਤੋਂ ਬਿਨਾਂ ਸੁਰਤਿ ਸ਼ਬਦ ਦੇ ਅਭਿਆਸ ਦਾ ਅਲਫ਼-ਬੇ ਦਾ ਪਤਾ ਲਗਣਾ ਅਸੰਭਵ ਹੈ।

ਜਿਤਨਾ ਤੀਕ ਮਨੁੱਖ ਆਪਣਾ ਆਪ ਨਹੀਂ ਪਛਾਣਦਾ ਉਹ ਨਾ ਹਿੰਦੂ ਹੈ, ਨਾ ਮੁਸਲਮਾਨ, ਨਾ ਸਿੱਖ, ਨਾ ਈਸਾਈ, ਨਾ ਧਰਮੀ ਹੈ। ਨੌਂ ਦਰਵਾਜ਼ਿਆਂ ਵਿਚ 'ਸੁਰਤਿ' ਖਿੰਡੀ ਰਹਿੰਦੀ ਹੈ, ਇਸ ਲਈ ਸ਼ਬਦ, 'ਸੁਰਤਿ' ਤੋਂ ਪਰ੍ਹੇ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਸਿਧਾਂ ਨੂੰ ਇਹੋ ਹੀ ਦੱਸਿਆ ਸੀ ਕਿ ਉਨ੍ਹਾਂ ਦੀ ਸੁਰਤਿ ਮਨ-ਮਾਇਆ ਦੀ ਖੇਡ ਵਿਚ ਲੱਗੀ ਹੋਈ ਹੈ, ਉਹ 'ਸ਼ਬਦ' ਨੂੰ ਕਿਵੇਂ ਪਕੜ ਸਕਦੀ ਹੈ। 'ਸੁਰਤਿ' ਜਦੋਂ 'ਸ਼ਬਦ' ਜਾਂ 'ਨਾਮ' ਵਿਚ ਲਗਦੀ ਹੈ ਤਾਂ ਹੌਲੀ ਹੌਲੀ ਉਹ ਉਨ੍ਹਾਂ ਪੰਜਾਂ ਖੰਡਾਂ ਦਾ ਸਫ਼ਰ ਕਰਦੀ ਹੋਈ (ਜਿਸ ਦਾ ਜ਼ਿਕਰ ਜਪੁਜੀ ਵਿਚ ਆਇਆ ਹੈ) ਸਚ ਖੰਡ ਵਿਚ ਪੁਜਦੀ ਹੈ। ਪਹਿਲੇ ਉਹ ਨੌਂ ਦਰਵਾਜ਼ਿਆਂ ਨੂੰ ਉਲੰਘ ਕੇ ਦਸਮ ਦੁਆਰ ਵਿਚ ਅਨਹਦ ਸ਼ਬਦ ਨੂੰ ਪਕੜਦੀ ਹੈ। ਉਹ ਅਨਹਦ ਇਕ ਮਿਕਨਾਤੀਸੀ ਤਾਕਤ ਰਖਦਾ ਹੈ, ਤੇ ਜੀਵ ਹਰੀ ਵੱਲ ਅਗਾਂਹ ਵੱਲ ਸੁਭਾਵਕ ਹੀ ਖਿਚਿਆ ਚਲਾ ਜਾਂਦਾ ਹੈ। ਫਿਰ ਇਕ ਖ਼ਾਸ ਕਿਸਮ ਦੀ 'ਬਿਰਹੋ' ਜਾਂ ਤੜਫ ਉਠਦੀ ਹੈ ਤੇ ਹਰੀ ਅਤਿ ਪਿਆਰਾ ਲਗਣ ਲੱਗ ਪੈਂਦਾ ਹੈ ਤੇ ਮਾਇਆ ਫਿੱਕੀ। ਜਿਵੇਂ ਜਿਵੇਂ 'ਸੁਰਤਿ-ਸ਼ਬਦ' ਦੀ ਕਮਾਈ ਵਿਚ ਪਕਿਆਈ ਆਉਂਦੀ ਜਾਂਦੀ ਹੈ, ਤਾਂ ਉਸ ਨੂੰ ਅਨੁਭਵ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਆਤਮਾ ਪ੍ਰਮਾਤਮਾ ਇਕ ਹੀ ਹੈ। ਉਹ ਸਦਾ ਹਾਜ਼ਰ ਨਾਜ਼ਰ ਹੈ ਤੇ ਫਿਰ ਇਹ ਵੀ ਮਹਿਸੂਸ ਕਰਦਾ ਹੈ ਕਿ ਹਰੀ ਦਾ ਨਾ ਕੋਈ ਰੂਪ ਹੈ, ਨਾ ਰੇਖ, ਨਾ ਵਰਨ, ਨਾ ਜ਼ਾਤ, ਹਰੀ ਤਾਂ ਸ਼ਬਦ ਸਰੂਪ ਹੀ ਹੈ। ਕਾਦਰ ਵਿਚ ਕੁਦਰਤ ਵੇਖਣ ਲੱਗ ਪੈਂਦਾ ਹੈ ਤੇ ਕੁਦਰਤ ਵਿਚ ਕਾਦਰ।

ਇਸ ਲਈ ਮੇਰੀ ਮੁੜ ਇਹੋ ਚਿਤਾਵਨੀ ਹੈ ਕਿ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਰਮ ਨੂੰ ਸਮਝਣ ਲਈ ਬੁਨਿਆਦੀ ਸਿੱਧਾਂਤਾਂ ਨੂੰ ਵਿਚਾਰਣ ਤੇ ਸਮਝਣ ਤੇ ਗੁਰੂ ਨਾਨਕ ਦੇ ਧਰਮ ਨੂੰ ਤਹਿ ਤਕ ਸਮਝਣ ਦੀ ਕੋਸ਼ਿਸ਼

ਕਰਨ ।

ਅਸੀਂ ਡਾ. ਬਲਬੀਰ ਸਿੰਘ ਜੀ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਬੁਨਿਆਦੀ ਸਿੱਧਾਂਤਾਂ ਵਿਚੋਂ ਇਕ ਨੂੰ ਲੈ ਕੇ ਸਪੱਸ਼ਟ ਕਰਨ ਦਾ ਇਸ ਪੁਸਤਕ ਵਿਚ ਇਕ ਚੰਗਾ ਯਤਨ ਕੀਤਾ ਹੈ ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਕਿਰਪਾਲ ਸਿੰਘ ਨਾਰੰਗ
ਵਾਈਸ-ਚਾਂਸਲਰ

# ਵਿਸ਼ੈ-ਸੂਚੀ


ਭਾਗ ਪਹਿਲਾ

ਸਬਦੁ ਗੁਰੂ ਸੁਰਤਿ ਧੁਨਿ ਚੇਲਾ 1

ਭਾਗ ਦੂਜਾ

'ਸੁਰਤਿ-ਸ਼ਬਦ' ਵਿਚਾਰ 28

ਭਾਗ ਪਹਿਲਾ

# ਸਬਦੁ ਗੁਰੂ ਸੁਰਤਿ ਧੁਨਿ ਚੇਲਾ

'ਸੁਰਤਿ' ਪਦ ਅਨੇਕਾਰਥੀ ਹੈ । **ਗੁੰਥ ਗੁਰੂ ਗਿਰਾਰਥ ਕੋਸ਼,** ਕ੍ਰਿਤ ਪੰ. ਤਾਰਾ ਸਿੰਘ ਨਰੋਤਮ, ਵਿਚ 'ਸੁਰਤਿ' ਦੇ ਇਹ ਅਰਥ ਦਿਤੇ ਹਨ :

ਧਯਾਨ, ਸ੍ਰੇਸਟ ਪ੍ਰੀਤੀ, ਬੇਦ, ਖਬਰ ।

**ਖਾਲਸਾ ਟ੍ਰੈਕਟ ਸੁਸਾਇਟੀ ਦੇ ਸ੍ਰੀ ਗੁਰੂ ਗੁੰਥ ਕੋਸ਼** ਵਿਚ ਇਹ ਅਰਥ ਦਿਤੇ ਹਨ :

ਗਯਾਤ, ਸੋਝੀ ਵਾਲੀ ਸ਼ਕਤੀ, ਖ਼ਬਰ, ਚਿਤ ਬ੍ਰਿਤੀ, ਹੋਸ਼, ਵੇਦ, ਭਲੀ ਪ੍ਰੀਤ ।

**ਗੁਰੂ ਸ਼ਬਦ ਰਤਨਾਕਰ, ਮਹਾਨ ਕੋਸ਼,** ਕ੍ਰਿਤ ਭਾਈ ਕਾਨ੍ਹ ਸਿੰਘ ਵਿਚ ਇਹ ਅਰਥ ਦਿਤੇ ਹਨ :

ਚਿੱਤ, ਧਿਆਨ, ਉੱਤਮ ਪ੍ਰੀਤਿ, ਵੇਦ, ਸੁਣਨਾ, ਕੰਨ, ਸਵਰ ਦਾ ਵਿਭਾਗ ।

ਡਾ. ਪੀਤਾਂਬਰ ਦੱਤ ਬੜਥਵਾਲ ਨੇ ਲਿਖਿਆ[1] ਹੈ :

> ਬਾਬੂ ਸੰਪੂਰਣਾਨੰਦ ਸਮਝਤੇ ਹੈਂ ਕਿ ਸੁਰਤਿ ਸ਼ਬਦ ਸ੍ਰੋਤ ਕਾ ਬਿਗੜਾ ਹੂਆ ਰੂਪ ਹੈ ਜਿਸ ਕੀ ਪਰਿਭਾਸ਼ਾ "ਹਿੰਦੂ ਦਾਰਸ਼ਨਿਕ ਗ੍ਰੰਥੋਂ ਮੇਂ ਚਿਤਵ੍ਰਿਤੀਓਂ ਕਾ ਪ੍ਰਵਾਹ ਦੀ ਗਈ ਹੈ ।"

ਗੁਲਾਲ ਨੇ ਭੀਖਾ ਕੋ ਬਤਲਾਯਾ ਥਾ ਕਿ ਸੁਰਤਿ ਔਰ ਮਨ ਏਕ ਹੀ ਵਸਤੂ ਹੈ :

"ਭੀਖਾ ! ਯਹੀ ਸੁਰਤਿ ਮਨ ਜਾਨੋ ।
ਸਤਯ ਏਕ ਦੂਸਰ ਮਤਿ ਮਾਨੋ ।"

ਦਾਦੂ ਕਾ ਕਹਿਨਾ ਹੈ ਕਿ ਚੇਤਨ ਵਹ ਮਾਰਗ ਹੈ ਜਿਸ ਪਰ ਸੁਰਤਿ ਅਗ੍ਰਸਰ ਹੋਤੀ ਹੈ :

"ਚੇਤਨ ਪੈਂਡਾ ਸੁਰਤਿ ਕਾ, ਦਾਦੂ ਰਹੁ ਲਯੋ ਲਾਯ ।"

---

1. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ, ਲਖਨਊ, 1968, ਸਫ਼ਾ 417-18.

ਕਿੰਤੂ ਮੈਂਨੇ ਇਸੇ 'ਸਮ੍ਰਿਤਿ' (स्मृति) ਸ਼ਬਦ ਸੇ ਨਿਕਲਾ ਹੂਆ ਮਾਨਾ ਹੈ...ਸਮ੍ਰਿਤਿ (स्मृति) ਭੀ ਚਿਤ ਵ੍ਰਿਤੀਓਂ ਕਾ ਪ੍ਰਵਾਹ ਹੀ ਹੈ ਯਦਯਪਿ ਯਹ ਉਲਟੀ ਦਿਸ਼ਾ ਕੀ ਓਰ ਚਲਤਾ ਹੈ। ਵਾਸਤਵ ਮੇਂ ਸੁਰਤਿ ਕੀ ਸਹਾਯਤਾ ਸੇ ਹੀ ਉਲਟੀ ਚਾਲ ਸੰਭਵ ਹੋ ਪਾਤੀ ਹੈ।...ਰਾਧਾ ਸੁਵਾਮੀ ਸਤਸੰਗ ਵਾਲੇ ਲੋਗ ਸੁਰਤਿ ਵ ਸੁਰਤ ਕਾ ਅਰਥ ਜੀਵਾਤਮਾ ਵਾ ਵਯਕਤੀਗਤ ਆਤਮਾ ਲਗਾਤੇ ਹੈਂ। ਇਸ ਕਾ ਏਕ ਅਰਥ ਪ੍ਰੇਮ ਭੀ ਲਗਾਯਾ ਜਾ ਸਕਤਾ ਹੈ।" (ਬੜਥਵਾਲ)

ਗੋਰਖ ਬਾਣੀ[2] ਵਿਚ ਗਿਣਤੀ ਦੇ ਲਿਹਾਜ਼ ਨਾਲ ਇਹ ਪਦ ਕੋਈ ਉਨੱਤੀ ਵੇਰ ਵਰਤਿਆ ਮਿਲਦਾ ਹੈ। (ਹਵਾਲੇ ਲਈ ਵੇਖੋ ਸਫ਼ਾ ੫੯, ੧੫੬, ੧੯੭, ੨੦੫, ੨੦੮, ੨੦੯, ੨੧੨, ੨੧੪, ੨੨੦, ੨੨੪, ੨੨੫, ੨੪੧, ੨੫੬, ੨੫੭, ੨੭੧, ੨੮੦, ੨੮੧, ੨੮੨, ੨੮੩) 'ਸਬਦ ਗੁਰੂ ਸੁਰਤਿ ਚੇਲਾ' ਇਹ ਤੁਕ ਵੀ ਇਸ ਵਿਚ ਆਉਂਦੀ ਹੈ। (ਸਫ਼ਾ ੧੯੭)

ਪਰ ਸੁਰਤਿ ਪਦ ਦੀ ਵਰਤੋਂ ਗੋਰਖ ਤੋਂ ਵੀ ਪਹਿਲੋਂ ਦੀ ਹੈ। ਸਿਧ ਸਰਹਪਾਦ ਦੇ ਦੋਹਿਆਂ ਵਿਚ ਵੀ ਇਕ ਦੋ ਥਾਂ ਮੌਜੂਦ ਹੈ। ਇਹ ਦੋਹੇ ਉਸ ਬੋਲੀ ਵਿਚ ਹਨ ਜਿਸ ਨੂੰ ਅਪਭ੍ਰੰਸ਼ ਕਹਿੰਦੇ ਹਨ। ਤੁਕ ਇਸ ਤਰ੍ਹਾਂ ਹੈ :

ਖਾਅੰਤੇਂ ਪੀਵੰਤੇਂ "ਸੁਰਅ" ਰਮੰਤੇ...॥ ੪੮ ॥

ਇਸ ਦੀ ਹਿੰਦੀ ਛਾਇਆ ਇਹ ਹੈ :

ਖਾਤੇ ਪੀਤੇ ਸੁਰਤ ਰਮੰਤੇ...॥ ੪੮ ॥

(ਦੋਹਾ ਕੋਸ਼, ਸਿਧ ਸਰਹਪਾਦ, ਸਫ਼ਾ ੧੨-੧੩)

ਸਿਧ ਸਰਹਪਾਦ ਬਜ੍ਰਯਾਨੀ 84 ਸਿਧਾਂ ਦੀ ਸੂਚੀ ਵਿਚੋਂ ਪਹਿਲਾ ਸਿਧ ਹੈ, ਜਿਸ ਦਾ ਸਮਾਂ ਈਸਾ ਦੀ ਅਠਵੀਂ ਸ਼ਤਾਬਦੀ ਮੰਨਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੁਰਤਿ ਪਦ ਜਿਨ੍ਹਾਂ ਅਰਥਾਂ ਵਿਚ ਆਇਆ ਹੈ ਉਹ ਇਸ ਪ੍ਰਕਾਰ ਹਨ :

ਸੋਝੀ, ਹੋਸ਼, ਸਮਝ, ਸੂਝ, ਚੇਤਾ, ਪਛਾਣ, ਬਿਰਤੀ, ਲਿਵ, ਧਿਆਨ, ਕੰਨ, ਨਾਦ, ਰੁਚੀ, ਸੁਭਾਉ, ਅਕਲ, ਖਿਆਲ, ਕਲਪਨਾ, ਵਿਚਾਰ, ਉਡਾਰੀ, ਚੇਤਨਤਾ, ਮੂਲ ਚੇਤਨਾ, ਸੰਸਕਾਰ, ਖੇਲ, ਮਨ, ਜਾਗਰਤ, ਪ੍ਰੇਮ, ਸਨੇਹ, ਅਨੁਰਾਗ, ਸਾਰ, ਵੇਦ, ਜੀਵਆਤਮਾ, ਖ਼ਬਰ।

---

2. ਗੋਰਖ ਬਾਣੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963.

ਇਹ ਸਾਰਾ ਬਿਉਰਾ **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ** ਵਿਚ ਦਿਤਾ ਹੋਇਆ ਹੈ, ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਪ ਰਿਹਾ ਹੈ, ਅਤੇ ਜਿਸ ਦੀ ਪਹਿਲੀ ਜਿਲਦ ਦੀ ਸਮਗਰੀ ਹੁਣ ਪ੍ਰੈਸ ਵਿਚ ਹੈ ।

ਬੇਲਵੇਡੀਯਰ ਪ੍ਰੈਸ ਨੇ ਜੋ **ਸੰਤਾਂ ਦੀਆਂ ਬਾਣੀਆਂ** ਛਾਪੀਆਂ ਹਨ, ਉਨ੍ਹਾਂ ਵਿਚ ਵੀ ਸੁਰਤਿ ਪਦ ਬਹੁਤ ਵੇਰ ਆਉਂਦਾ ਹੈ । ਨਮੂਨੇ ਲਈ ਉਨ੍ਹਾਂ ਵਿਚੋਂ ਕੁਝ ਚੋਣਵੀਆਂ ਵਿਖੇ ਗਿਣਤੀ ਦਾ ਅੰਦਾਜ਼ਾ ਇਸ ਤਰ੍ਹਾਂ ਹੈ, ਜੋ ਹਰ ਇਕ ਸੰਤ ਦੇ ਨਾਮ ਅਗੇ ਅੰਕਾਂ ਵਿਚ ਦਿਤਾ ਹੈ :

| **ਸੰਤਾਂ ਦਾ ਨਾਉਂ** | **ਸੁਰਤਿ ਪਦ ਦੀ ਵਰਤੋਂ ਦੀ ਗਿਣਤੀ** |
|---|---|
| ਜਗਜੀਵਨ ਸਾਹਿਬ (੨) | ੪੬ |
| ਪਲਟੂ ਸਾਹਿਬ (੩) | ੨੯ |
| ਯਾਰੀ ਸਾਹਿਬ | ੯ |
| ਭੀਖਾ ਸਾਹਿਬ | ੩੭ |
| ਤੁਲਸੀ ਸਾਹਿਬ (ਹਾਥਰਸ ਵਾਲੇ) | ੭੬ |
| ਦਰਿਯਾ ਸਾਹਿਬ | ੫੦ |
| ਗੁਲਾਲ ਸਾਹਿਬ | ੫੩ |
| ਚਰਨਦਾਸ ਜੀ (੧) | ੧੫ |
| ਧਨੀ ਧਰਮ ਦਾਸ ਜੀ | ੫੧ |
| ਧਰਨੀ ਦਾਸ ਜੀ | ੯ |
| ਗਰੀਬ ਦਾਸ ਜੀ | ੮੭ |

ਗੁਰੂ ਗ੍ਰੰਥ ਸਾਹਿਬ ਵਿਖੇ ਆਈ ਭਗਤ ਬਾਣੀ ਵਿਚ 'ਸੁਰਤਿ' ਪਦ ਦੀ ਵਰਤੋਂ ਬਹੁਤ ਘੱਟ ਹੈ । ਭਗਤ ਕਬੀਰ ਦੀ ਬਾਣੀ ਵਿਚ ਇਹ ਸ਼ਬਦ ਕੋਈ ਦਸ ਕੁ ਵੇਰ ਇਸਤੇਮਾਲ ਹੋਇਆ ਹੈ । ਨਮੂਨਾ ਇਸ ਪ੍ਰਕਾਰ ਹੈ :

ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ
ਏਹੁ ਮਹਾ ਰਸੁ ਪੇਉ ਰੇ ॥ ੩ ॥

**(ਰਾਮ. ਕਬੀਰ—੧, ਸਫ਼ਾ ੯੬੯)**

ਪ੍ਰੇਮ ਪਲੀਤਾ ਸੁਰਤਿ ਹਵਾਈ
ਗੋਲਾ ਗਿਆਨੁ ਚਲਾਇਆ ॥......॥ ॥ ੪ ॥

**(ਭੈਰਉ ਕ਼ਬੀਰ...੧੭, ਸਫ਼ਾ ੧੧੬੧)**

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ
ਗਿਆਨ ਗੋਨਿ ਭਰਿ ਡਾਰੀ ।
ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਨਿਬਹੀ ਖੇਪ ਹਮਾਰੀ ॥ ੪ ॥

(ਕੇਦਾਰਾ ਕਬੀਰ...੨, ਸਫ਼ਾ ੧੧੨੩)

ਹੋਰ ਕਿਸੇ ਭਗਤ ਵਿਚ ਇਸ ਦਾ ਜ਼ਿਕਰ ਨਹੀਂ । ਹਾਂ ਭਟਾਂ ਦੀ ਬਾਣੀ ਵਿਚ ਇਹ ਪਦ ਦੋ ਵੇਰ ਵਰਤਿਆ ਗਿਆ ਹੈ । ਇਕ ਵੇਰ ਨਲ ਭਟ ਦੇ ਸਵਈਏ ਵਿਚ ਹੈ, ਜੈਸਾ ਕਿ :

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥...॥ ੪ ॥

(ਸਵਈ. ਮਹਲੇ ੪ ਕੇ-੮, ਸਫਾ ੧੩੯੯)

ਅਤੇ ਦੂਜੀ ਵੇਰ ਕੀਰਤਿ ਭਟ ਦੇ ਸਵਈਏ, ਯਥਾ :

ਨਾਨਕਿ ਨਾਮੁ ਨਿਰੰਜਨ ਜਾਨ੍ਉ ਕੀਨੀ ਭਗਤਿ ਪ੍ਰੇਮ ਲਿਵ ਲਾਈ ।
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀਨੀ
ਵਰਖਾਈ ।...।੩।

(ਸਵਈ. ਮਹਲੇ ੪ ਕੇ, ਸਫ਼ਾ ੧੪੦੬)

ਗੁਰੂ ਸਾਹਿਬਾਂ ਦੀ ਬਾਣੀ ਵਿਚ ਪਦ 'ਸੁਰਤਿ' (ਲਗਾਂ ਮਾਤ੍ਰਾਂ ਦੇ ਰੂਪ ਭੇਦਾਂ ਸਮੇਤ) ਗਿਣਤੀ ਅਨੁਸਾਰ ਇਸ ਤਰ੍ਹਾਂ ਆਇਆ ਹੈ : ਗੁਰੂ ਨਾਨਕ ਸਾਹਿਬ, ੭੩; ਗੁਰੂ ਅੰਗਦ ਸਾਹਿਬ, ੪; ਗੁਰੂ ਅਮਰਦਾਸ ਸਾਹਿਬ, ੧੬; ਗੁਰੂ ਰਾਮਦਾਸ ਸਾਹਿਬ, ੯; ਗੁਰੂ ਅਰਜਨ ਸਾਹਿਬ ੨੩ ।

ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਰੁਖ ਇਹ ਹੈ ਕਿ ਸ਼ਾਸਤ੍ਰਾਂ ਤੋਂ ਮਨ ਨੂੰ ਚੁਕਿਆ ਜਾਵੇ, ਦਲੀਲ ਅਤੇ ਤਰਕ ਤੋਂ ਬੁਧੀ ਨੂੰ ਹਟਾ ਲਿਆ ਜਾਵੇ, ਮਨ ਨੂੰ ਸ਼ਬਦ ਕੀਰਤਨ ਨਾਲ ਇਸ ਤਰ੍ਹਾਂ ਰੰਗ ਲਿਆ ਜਾਏ ਕਿ ਸੁਰਤਿ ਵਿਚ ਸਤ ਸਰੂਪ ਪਰਮਾਤਮਾ ਪਰਤੱਖ ਹੋ ਜਾਏ ।

ਨਾਨਕ ਦਾਸੁ ਹਰਿ ਕੀਰਤਨਿ ਰਾਤਾ
ਸਬਦੁ ਸੁਰਤਿ ਸਚੁ ਸਾਖੀ ॥ ੨ ॥

(ਸਾਰੰਗ ਮਹਲਾ ੫-੧੨੨, ਸਫ਼ਾ ੧੨੨੭)

ਇਸ ਅਨੁਭਵ ਪਰਤੱਖ ਦਰਸ਼ਨ ਦੇ ਸਾਮ੍ਹਣੇ ਸ਼ਾਸਤ੍ਰੀ ਗਿਆਨ ਦੀ ਕੁਝ ਕੀਮਤ ਨਹੀਂ । ਇਸ ਪ੍ਰਥਾਇ ਕਿਹਾ ਹੈ :

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥...॥ ੨ ॥

(ਭੈਰਉ ਮਹਲਾ ੩-੧੧, ਸਫ਼ਾ ੧੧੩੦)

ਸ਼ਾਸਤ੍ਰਾਂ ਦਾ ਨਿਸ਼ਾਨਾ ਕੀ ਹੈ ? ਆਤਮਾ ਦੀ ਸਰੂਪ ਸਿਧੀ, ਜਿਸ ਉਪਰ ਹਿੰਦੂ ਫ਼ਿਲਾਸਫ਼ੀ ਦੇ ਛੇ ਦਰਸ਼ਨ ਹਨ। ਜਿਸ 'ਆਤਮਾ' ਦਾ ਪ੍ਰਤਿਪਾਦਨ ਨਯਾਯ ਅਤੇ ਵੈਸ਼ੇਸ਼ਿਕ ਦਰਸ਼ਨ ਵਿਚ ਹੈ, ਉਹ ਆਤਮਾ 'ਸਤ' ਪਦਾਰਥ ਹੈ। ਇਸ ਦਾ ਮਤਲਬ ਹੈ ਕਿ ਉਹ 'ਸਤ' ਤਾਂ ਹੈ ਪਰ ਉਹ 'ਚਿਤ ਅਤੇ ਅਨੰਦ' ਨਹੀਂ। ਇਸ ਤੋਂ ਮੁਰਾਦ ਇਹ ਹੈ ਕਿ ਮੁਕਤ ਅਵਸਥਾ ਵਿਚ ਆਤਮਾ ਨੂੰ ('ਚਿਤ' ਨਾ ਹੋਣ ਕਾਰਣ) ਕਿਸੇ ਗੱਲ ਦਾ ਗਿਆਨ ਨਹੀਂ ਰਹਿੰਦਾ। ਉਹ ਉਸ ਵੇਲੇ ਐਸਾ ਹੀ ਹੈ ਜੈਸੀ ਕੋਈ ਹੋਰ ਜੜ੍ਹ ਵਸਤੂ। ਜਿਸ ਵੇਲੇ ਜੀਵ, ਮੁਕਤ ਅਵਸਥਾ ਵਿਚ ਨਹੀਂ ਉਸ ਵੇਲੇ ਉਸ ਵਿਚ ਗਿਆਨ ਹੁੰਦਾ ਹੈ। ਪਰ ਇਹ ਗਿਆਨ ਸਦਾ ਨਹੀਂ ਰਹਿੰਦਾ। ਗਿਆਨ ਮਨ ਅਤੇ ਆਤਮਾ ਦੇ ਸੰਜੋਗ ਤੋਂ ਪੈਦਾ ਹੁੰਦਾ ਹੈ। ਮੁਕਤੀ ਵੇਲੇ ਮਨ ਨਾਲੋਂ ਸੰਜੋਗ ਟੁਟ ਜਾਂਦਾ ਹੈ, ਇਸ ਕਰਕੇ ਮੁਕਤ ਅਵਸਥਾ ਵਿਚ ਆਤਮਾ ਗਿਆਨ ਹੀਣ ਹੁੰਦਾ ਹੈ। ਇਹ ਸਿਧਾਂਤ ਵੈਸ਼ੇਸ਼ਕ ਦਾ ਹੈ। ਨਯਾਯ ਦਰਸ਼ਨ ਵੀ ਇਨ੍ਹਾਂ ਪੂਰਣਿਆਂ ਉਪਰ ਟੁਰਦਾ ਹੈ। ਪਰ ਇਹ ਗੱਲ ਸਾਂਖ ਦਰਸ਼ਨ ਬਾਬਤ ਨਹੀਂ। ਸਾਂਖ ਮਤ ਇਹ ਹੈ ਕਿ ਗਿਆਨ ਆਤਮਾ ਦਾ ਸਰੂਪ ਹੈ। ਮੁਕਤ ਅਵਸਥਾ ਵਿਚ ਵੀ ਗਿਆਨ ਰਹਿੰਦਾ ਹੈ। ਸਾਂਖ ਆਤਮਾ ਨੂੰ 'ਪੁਰਸ਼' ਕਹਿੰਦਾ ਹੈ ਅਤੇ ਪੁਰਸ਼ ਦਾ ਸਰੂਪ 'ਸਤ ਚਿਤ' ਹੈ। ਇਹੋ ਦ੍ਰਿਸ਼ਟੀਕੋਣ ਯੋਗ ਦਰਸ਼ਨ ਦਾ ਹੈ। ਇਸ ਦਾ ਮਤਲਬ ਇਹ ਹੈ ਕਿ ਮੁਕਤੀ ਦੀ ਅਵਸਥਾ ਵਿਚ ਆਤਮਾ ਦੇ ਸਾਰੇ ਦੁਖ ਦਰਦ ਹਟ ਜਾਂਦੇ ਹਨ, ਸਾਰੇ ਕਲੇਸ਼ ਕਰਮ ਦੂਰ ਹੋ ਜਾਂਦੇ ਹਨ, ਸਾਰੇ ਸੰਸਕਾਰ ਮਿਟ ਜਾਂਦੇ ਹਨ, ਮਰਨ ਜਨਮ ਦਾ ਸਿਲਸਲਾ ਵੀ ਖ਼ਤਮ ਹੋ ਜਾਂਦਾ ਹੈ, ਪਰ ਐਸੀ ਹਾਲਤ ਵਿਚ ਵੀ ਬਾਵਜੂਦ ਇਸ ਗੱਲ ਦੇ ਕਿ ਗਿਆਨ ਹੈ ਪਰ ਆਤਮਾ ਵਿਚ ਕੋਈ 'ਅਨੰਦ' ਦਾ ਸੁਆਦ ਨਹੀਂ।

ਅਨੰਦ ਵਾਲਾ ਮਸਲਾ ਵੇਦਾਂਤ ਵਿਚ ਹੈ। ਆਤਮਾ ਦਾ ਸ਼ੁਧ ਸਰੂਪ 'ਸਤ ਚਿਤ ਅਨੰਦ' ਹੈ। ਆਤਮਾ ਆਪਣੇ ਅਨੰਦ ਨੂੰ ਆਪ ਕਿਸ ਤਰ੍ਹਾਂ ਅਨੁਭਵ ਕਰਦਾ ਹੈ, ਜਾਂ ਨਹੀਂ ਕਰਦਾ, ਜਾਂ ਕਰ ਹੀ ਨਹੀਂ ਸਕਦਾ, ਜਾਂ ਅਨੰਦ ਕੇਵਲ ਦੁਖ ਦਾ ਹੀ ਅਭਾਵ ਹੈ, ਇਸ ਗੱਲ ਉਪਰ ਬਹੁਤ ਤਰਕ ਵਿਤਰਕ ਹਨ। ਇਸ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਵਿਚ ਹੈ। ਪਰਮਾਤਮਾ ਨੂੰ 'ਸੁਰਤਾ' ਕਿਹਾ ਹੈ :

ਮ: ੧ ॥...ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥...॥ ੨ ॥

(ਸਾਰੰਗ (ਵਾਰ) ਮਹਲਾ ੪-੧੩, ਸਫ਼ਾ ੧੨੪੨)

ਇਸ ਦਾ ਮਤਲਬ ਹੈ, ਤੂੰ ਆਪ ਹੀ ਸ਼ਕਤੀਮਾਨ ਹੈਂ, ਆਪ ਹੀ **ਗਿਆਨ** ਸਰੂਪ ਹੈਂ, ਆਪ ਹੀ ਆਪਣੀ ਸ਼ਕਤੀ ਦੇ ਸੂਤ ਵਿਚ ਜਗਤ ਨੂੰ ਪਰੋ ਰਖਦਾ ਹੈਂ। ਇਥੇ 'ਸੁਰਤਾ' ਪਦ ਗਿਆਨ ਸਰੂਪ ਦੇ ਅਰਥਾਂ ਵਿਚ ਹੈ। ਪਰ ਦੋਹਾਂ ਅਰਥਾਂ ਦੇ ਆਸ਼ੇ ਦੇ ਰੰਗਾਂ ਵਿਚ ਛਾਂ ਦਾ ਫ਼ਰਕ ਹੈ। ਸੁਰਤਾ ਹੋਣਾ ਸਤ ਚਿਤ ਅਨੰਦ ਦੀ ਉਹ ਦਸ਼ਾ ਹੈ ਜਿਥੇ 'ਗਿਆਨ ਸਰੂਪ' ਆਪਣੇ 'ਅਨੰਦ ਸਰੂਪ' ਹੋਣ ਦੇ ਸ੍ਵੈ ਅਨੁਭਵ ਦੀ ਪ੍ਰਤੀਤੀ ਕਰ ਰਿਹਾ ਹੈ। ਵੇਦਾਂਤ ਦਾ ਮਾਰਗ ਸੁਰਤਿ ਦਾ ਮਾਰਗ ਨਹੀਂ। ਵੇਦਾਂਤ ਮੁਤਾਬਿਕ, ਗਿਆਨ ਪੈਦਾ ਨਹੀਂ ਹੁੰਦਾ ਬਗ਼ੈਰ ਵੈਰਾਗ ਦੇ। ਵੈਰਾਗ ਕੀ ਹੈ? ਸ਼ੰਕਰਾਚਾਰਯ ਨੇ 'ਵੈਰਾਗ' ਦਾ ਲਛਣ ਇਹ ਲਿਖਿਆ ਹੈ :

> ਦੇਹ ਤੋਂ ਲੈ ਕੇ ਬ੍ਰਹਮ ਤਕ ਜਿਤਨੇ ਭੋਗ ਪਦਾਰਥ ਹਨ ਉਨ੍ਹਾਂ ਲਈ ਘ੍ਰਿਣਾ, ਉਨ੍ਹਾਂ ਪਦਾਰਥਾਂ ਦੇ ਦੇਖਣ ਸੁਣਨ ਲਈ ਘ੍ਰਿਣਾ, ਇਸ ਦਾ ਨਾਮ ਵੈਰਾਗ ਹੈ।

(ਵਿਵੇਕ ਚੂੜਾਮਣਿ—੨੧)

ਯੋਗ ਦਾ, ਵੇਦਾਂਤ ਦਾ, ਸਾਂਖ ਦਾ, ਬੋਧ ਦਾ, ਜੈਨ ਦਾ, ਵਿਗਿਆਨ-ਵਾਦੀਆਂ ਦਾ, ਸ਼ੁਨਵਾਦੀਆਂ ਦਾ ਅਤੇ ਇਨ੍ਹਾਂ ਨਾਲ ਮਿਲਦੇ ਜੁਲਦੇ ਗਿਆਨ-ਪੰਥੀਆਂ ਦਾ ਇਹੋ ਦ੍ਰਿਸ਼ਟੀਕੋਣ ਹੈ। ਇਸੇ ਵਿਸ਼ੇ ਸੰਬੰਧ ਵਿਚ ਵੇਦਾਂਤ ਗ੍ਰੰਥਾਂ ਵਿਚ 'ਉਪਰਤਿ' ਸ਼ਬਦ ਵਰਤਿਆ ਗਿਆ ਹੈ। ਇਸ ਦੇ ਅਰਥ ਹਨ, ਉਦਾਸੀ, ਮੌਤ, ਵੈਰਾਗ ਆਦਿਕ। 'ਉਪਰਤਿ' ਨੂੰ ਜ਼ਰੂਰੀ ਸਾਧਨਾਂ ਵਿਚ ਗਿਣਿਆ ਹੈ। ਇਹ ਖਟ ਸਾਧਨ ਸੰਪੱਤੀ ਦਾ ਜ਼ਰੂਰੀ ਅੰਗ ਹੈ। ਇਹ ਦੁਨਿਆਵੀਂ ਲੋੜੀਂਦੇ ਸੁਖਾਂ ਤੋਂ ਜ਼ੋਰੀਂ ਮੂੰਹ ਮੋੜਨਾ ਹੈ। ਇਹ ਆਪਣੇ ਅੰਦਰ ਸੰਸਾਰਕ ਵਸਤੂਆਂ ਲਈ ਘ੍ਰਿਣਾ ਦੇ ਅਹਿਸਾਸ ਨੂੰ ਤਰਦਦ ਨਾਲ ਉੱਨਤ ਕਰਨਾ ਹੈ। ਇਨ੍ਹਾਂ ਸ਼ਾਸਤ੍ਰਾਂ ਮੁਤਾਬਿਕ, ਗਿਆਨ ਲਈ ਵੈਰਾਗ ਦੀ ਲੋੜ ਹੈ, ਵੈਰਾਗ ਲਈ ਘ੍ਰਿਣਾ ਦੀ ਲੋੜ ਹੈ, ਘ੍ਰਿਣਾ ਨਾਲ 'ਉਪਰਤਿ' ਦਾ ਹਿਰਦੇ ਵਿਚ ਸੰਚਾਰ ਹੁੰਦਾ ਹੈ। ਇਸ ਨਾਲ ਦੇਹ ਅਤੇ ਦੇਹ ਦੇ ਗੁਣ ਧਰਮ ਅਤੇ ਸੰਸਕਾਰਾਂ ਵਿਚ ਸਿਥਲਤਾ ਆ ਜਾਂਦੀ ਹੈ। ਇਸ ਤਰ੍ਹਾਂ ਮਨੁੱਖ ਦੇ ਅੰਦਰਲੇ ਜਗਤ ਵਿਚ ਘ੍ਰਿਣਾ ਦੇ ਅਭਿਆਸ ਨਾਲ 'ਉਪਰਿਤ' ਪੈਦਾ ਹੋ ਜਾਂਦੀ ਹੈ। ਪਰ ਕੀ ਗਿਆਨ ਪ੍ਰਾਪਤੀ ਦਾ ਇਹੋ ਹੀ ਰਸਤਾ ਹੈ? ਮੇਰਾ ਖ਼ਿਆਲ ਹੈ, ਉਪਰਤਿ ਦੇ ਮੁਕਾਬਲੇ ਉਪਰ ਸੁਰਤਿ ਦਾ ਮਾਰਗ ਹੈ। ਸੁਰਤਿ ਐਨ ਉਲਟ ਹੈ ਉਪਰਤਿ ਦੇ। ਸੁਰਤਿ ਹੈ ਹੀ ਉਹ ਤਰੀਕਾ ਜੋ ਬਗ਼ੈਰ ਘ੍ਰਿਣਾ ਦੇ ਗਿਆਨ ਦੀ ਪੌੜੀ ਚੜ੍ਹ ਜਾਂਦਾ ਹੈ। ਸੁਰਤਿ ਦਾ ਰਸਤਾ ਵਿਸਮਾਦ ਦਾ ਰਸਤਾ ਹੈ। ਇਸ ਵਿਚ ਘ੍ਰਿਣਾ ਦੀ ਮੁਥਾਜੀ

ਨਹੀਂ, ਇਸ ਦਾ ਆਧਾਰ ਉਹ ਅਮੀਰੀ ਹੈ ਜਿਸ ਵਿਚ ਮਨ ਦੇ ਖਜ਼ਾਨੇ ਭਰਪੂਰ ਹਨ, ਉਨ੍ਹਾਂ ਮਣੀਆਂ ਨਾਲ ਜਿਨ੍ਹਾਂ ਦੀ ਕਾਂਤੀ ਦੁਆਰਾ ਅੰਤਰ ਜਗਤ ਵਿਚ ਨੂਰੀ ਪਰਕਾਸ਼ ਹੋਇਆ ਹੋਇਆ ਹੈ । ਸੁਰਤਿ ਦੇ ਮਾਰਗ ਵਿਚ ਵੈਰਾਗ ਦੀ ਗ਼ਰੀਬੀ ਨਹੀਂ, ਨਾ ਹੀ ਘ੍ਰਿਣਾ ਦੀ ਕੰਗਾਲੀ ਹੈ, ਨਾ ਹੀ ਕਿਸੇ ਤੰਗੀ ਜਾਂ ਥੁੜ੍ਹ ਦੇ ਕਾਰਣ ਢਹਿੰਦੀ ਕਲਾ ਦੇ ਪਰਛਾਵੇਂ ਦੀ ਸਿਲ੍ਹਾਬ ਹੈ । ਸੁਰਤਿ ਦੇ ਮਾਰਗ ਵਿਚ ਅੰਦਰ ਦੀ ਬਾਦਸ਼ਾਹੀ ਪ੍ਰਤੱਖ ਹੋ ਜਾਂਦੀ ਹੈ । ਮਤ ਵਿਚ ਦੇ 'ਜਵਾਹਰ ਮਾਣਿਕ' ਲਿਸ਼ਕ ਉਠਦੇ ਹਨ, ਹਿਰਦੇ ਦੇ ਮੋਤੀ-ਮੰਦਰ ਵਿਚ ਜੜਾਊ ਰਤਨਾਂ ਦੀ ਨਿਰਮਲ ਜੋਤ ਪਸਰ ਜਾਂਦੀ ਹੈ । ਸੁਰਤਿ ਦਾ ਮਾਰਗ ਵਿਸਮਾਦ ਦਾ ਰਸਤਾ ਹੈ । ਇਥੇ ਉਸ ਸਬਕ ਨੂੰ ਭੁਲ ਜਾਣਾ ਹੈ ਜਿਸ ਨਾਲ ਇਹ ਪਾਠ ਪੜ੍ਹਿਆ ਸੀ ਕਿ ਦੇਹ ਤੋਂ ਲੈ ਕੇ ਬ੍ਰਹਮ ਤਕ ਜਿਤਨੇ ਭੋਗ ਪਦਾਰਥ ਹਨ ਉਨ੍ਹਾਂ ਲਈ ਘ੍ਰਿਣਾ ਦੀ ਬਿਰਤੀ ਦ੍ਰਿੜ ਕੀਤੀ ਜਾਵੇ । ਸੁਰਤਿ ਵਾਲੇ ਦਾ ਰਾਹ ਨਿਰਾਲਾ ਹੈ । ਉਸ ਨੇ ਸਾਰੇ ਵਿਸ਼ਵ ਲਈ ਆਪਣੀ ਦ੍ਰਿਸ਼ਟੀ ਵਿਚ ਇਕ ਨਵੀਂ ਕਲਪਨਾ ਕਰਨੀ ਹੈ । ਉਸ ਨੇ ਆਪਣੀ ਨਜ਼ਰ ਨੂੰ ਅਦਭੁਤ ਰੰਗ ਦੇ ਸਥਾਈ ਭਾਵ ਵਿਚ ਰੰਗਣਾ ਹੈ । ਉਸ ਲਈ ਸਾਰਾ ਸੰਸਾਰ ਜੋ ਅੱਖਾਂ ਨਾਲ ਦਿਸਦਾ ਹੈ ਉਹ ਵਿਸਮਾਦ ਰੂਪ ਹੈ । ਉਹ ਦੀਦਿਆਂ ਨਾਲ ਪਛਾਣ ਹੁੰਦਾ ਹੈ :

ਸਲੋਕ ਮ: ੧ ॥......ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥...
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ ੧ ॥

(ਆਸਾ (ਵਾਰ) ਮਹਲਾ ੧-੩, ਸਫ਼ਾ ੪੬੩-੬੪)

ਇਹੁ ਸੁਰਤਿ ਵਾਲੇ ਬੰਦਿਆਂ ਦਾ ਨਜ਼ਰੀਆ ਹੈ । ਉਹ ਸਿਰਫ਼ ਬਾਹਰ ਹੀ ਵਿਸਮਾਦ ਨਹੀਂ ਦੇਖਦੇ ਉਨ੍ਹਾਂ ਦੇ ਅੰਦਰ ਵੀ ਚਾਨਣਾ ਹੋ ਜਾਂਦਾ ਹੈ । ਉਨ੍ਹਾਂ ਦੇ ਦਿੱਵ ਨੇਤ੍ਰ ਅੰਦਰ ਵਲ ਝਾਤੀ ਮਾਰਦੇ ਹਨ :

ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥...੩ ॥

(ਪ੍ਰਭਾਤੀ (ਬਿਭਾਸ) ਮਹਲਾ ੧-੮, ਸਫ਼ਾ ੧੩੨੯)

ਸਰੀਰ ਦੇ ਅੰਦਰ ਅੰਤਰਯਾਮੀ ਪ੍ਰਭੂ ਬੈਠਾ ਹੈ । ਉਹ ਨਜ਼ਰ ਤੋਂ ਓਹਲੇ ਰਹਿੰਦਾ ਹੈ ਪਰ ਸੁਰਤਿ ਵਾਲੇ ਨੂੰ ਅੰਤਰ ਦ੍ਰਿਸ਼ਟੀ ਨਾਲ ਉਹ ਪਰਤੱਖ ਹੋ ਜਾਂਦਾ

ਹੈ। ਇਸ ਤਰ੍ਹਾਂ ਦੇਹ ਦੇ ਅੰਦਰਲੇ ਸਿਰੇ ਤੋਂ ਲੈ ਕੇ ਬ੍ਰਹਮਾਂਡ ਦੇ ਅੰਤ ਤਕ, ਸਾਰਾ ਵਿਸ਼ਵ ਅਦਭੁਤ ਰੰਗ ਦੇ ਸਿਆਮ ਵਰਣ ਦੀ ਛਟਾ ਵਿਚ ਝਲਕ ਜਾਂਦਾ ਹੈ :

ਬਿਸਮੁ ਪੇਖੈ ਬਿਸਮੁ ਸੁਣੀਐ
ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ
ਘਟਿ ਘਟਿ ਰਹਿਆ ਸਮਾਇਆ ॥...॥ ॥੪॥

(ਸੂਹੀ (ਛੰਤ) ਮਹਲਾ ੫-੨, ਸਫਾ ੭੭੮)

ਸੁਰਤਿ ਵਾਲਾ ਬੰਦਾ ਨਿਰਗੁਣ ਦਾ ਉਪਾਸ਼ਕ ਹੈ, ਉਹ ਆਪਣੀ ਸੁਰਤਿ ਦੀ ਪ੍ਰੇਮ ਲਾਲੀ ਨਾਲ ਨਿਰਾਕਾਰ ਨੂੰ ਸਾਕਾਰ ਕਰ ਦੇਂਦਾ ਹੈ। ਸ਼ੂੰਨ ਮੰਡਲ ਵਿਚ ਵੀ ਜਦ ਉਹ ਨਜ਼ਰ ਸੁਟਦਾ ਹੈ ਤਾਂ ਉਸ ਦੀ ਆਪਣੀ ਲਾਲਸਾ ਦੀਆਂ ਕਿਰਣਾਂ ਨਾਲ ਕਾਸ਼ਨੀ ਰੰਗ ਦੀ ਫੁਹਾਰ ਫੈਲ ਜਾਂਦੀ ਹੈ। ਸੁਰਤਿ ਵਾਲ਼ੇ ਦੇ ਅੰਦਰ ਘ੍ਰਿਣਾ ਦੀ ਬਜਾਏ ਪ੍ਰੇਮ ਜਾਗਦਾ ਹੈ, ਵੈਰਾਗ ਦੀ ਬਜਾਏ ਰਾਗ ਪੈਦਾ ਹੋ ਜਾਂਦਾ ਹੈ, ਇਕ ਕਿਸਮ ਦਾ ਵਿਆਪਕ ਅਨੁਰਾਗ। ਉਹ ਜਿਧਰ ਵੀ ਦੇਖਦਾ ਹੈ ਉਸ ਨੂੰ ਵਿਸਮਾਦ ਦੀ ਸਾਕਾਰਤਾ ਵਿਚ ਇਹੋ ਸਹੀ ਹੁੰਦਾ ਹੈ :

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗੁ ॥ ੮੦ ॥

(ਦਸਮ ਗ੍ਰੰਥ, ਜਾਪ ਸਾਹਿਬ)

ਹਰ ਇਕ ਚੀਜ਼ ਉਪਰ ਵਿਸਮਾਦ ਦਾ ਰੰਗ ਚੜ੍ਹ ਜਾਂਦਾ ਹੈ। ਜੋ ਸੁੰਨ ਹੈ, ਪਰਮ ਸੁੰਨ ਹੈ, ਨਿਰੰਤਰ ਸੁੰਨ ਹੈ ਉਹ ਵੀ ਵਿਸਮਾਦ ਦੀ ਅਮਲਦਾਰੀ ਹੇਠ ਆ ਜਾਂਦੀ ਹੈ। ਵਿਸਮਾਦ ਦੀ ਸਿਆਮ ਘਟਾ, ਸੁੰਨ ਉਪਰ ਸੁਰਮਈ ਬਦਲੀ ਦੀ ਛਾਇਆ ਪਾ ਦੇਂਦੀ ਹੈ :

ਆਦਿ ਕਉ ਬਿਸਮਾਦੁ ਬੀਚਾਰੁ
ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥...੨੩॥

(ਰਾਮ. (ਗੋਸਟਿ.) ਮਹਲਾ ੧, ਸਫ਼ਾ ੯੪੦)

ਸੁਰਤਿ ਵਾਲਾ ਇਹ ਸਾਰੀ ਚੀਜ਼ ਦਾ ਜਾਇਜ਼ਾ ਲੈਂਦਾ ਹੈ। ਉਸ ਦੀ ਸੁਰਤਿ ਪਛਾਣਦੀ ਹੈ ਸ਼ਬਦ ਨੂੰ, ਸ਼ਬਦ ਵਿਚ ਹੀ ਉਹ ਭੇਦ ਛੁਪਿਆ ਹੈ ਜੋ ਵਿਸਮਾਦ ਜਨਕ ਹੈ :

ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥ ੭॥

(ਮਾਰੂ (ਸੋਲਹੇ) ਮਹਲਾ ੧-੧੭, ਸਫ਼ਾ ੧੦੩੭)

ਸੁਰਤਿ ਵਾਲੇ ਲਈ ਉਹ ਜੋ 'ਆਦਿ ਅਨੀਲੁ ਅਨਾਦਿ ਅਨਾਹਤਿ' ਹੈ, ਉਸ ਦੀ ਅਨੀਲਮਾ ਵਿਚੋਂ ਊਦੇ ਰੰਗ ਦਾ ਵੇਸ ਭਾ ਮਾਰਦਾ ਹੈ। ਉਹ ਜੋ ਅਨਾਹਤਿ ਹੈ, ਜੋ ਅਮਰ ਹੈ, ਜੋ ਅਨਹਦ ਨਾਦ ਹੈ ਉਸੇ ਦਾ ਸ਼ਬਦ ਰੂਪ ਸੁਰਤਿ ਦੀ ਤਾਰ ਨੂੰ ਝੰਝੂਣ ਜਾਂਦਾ ਹੈ। ਇਸੇ ਦਾ ਸੰਕੇਤ ਦਸਮ ਗ੍ਰੰਥ ਵਿਚ ਹੈ :

ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ ॥੧॥

(ਹਜਾਰੇ ਸ. ਪਾ. ੧੦, ਰਾਮਕਲੀ-੨)

ਇਸੇ ਦੇ ਅਨੁਭਵ ਵਲ ਸੰਤ ਨਿਰਮਲ ਦਾਸ ਜੀ ਨੇ ਇਸ਼ਾਰਾ ਕੀਤਾ ਹੈ :

ਸੁਰਤਿ ਲਗੀ ਜਾਇ ਦਸਵੇਂ ਦੁਆਰਿ ।...<br>
ਧੁਨਿ ਅਨਹਦ ਵਾਜੈ ਸ਼ਬਦ ਤਾਰ ॥

(ਸਲੋਕ ਭਗਤਾਂ ਦੇ, ਮੁਫੀਦ ਆਮ ਪ੍ਰੈਸ ੧੯੦੧, ਸਫ਼ਾ ੨੬੭-੬੮)

ਇਹ ਸੁਰਤਿ ਦੀ ਕਲਾਬਾਜ਼ੀ ਹੈ। ਉਹ ਅਣਦਿਖ ਪਦਾਰਥ ਦੇ 'ਅਰੂਪ' ਦੀ ਰੂਪ ਰੇਖਾ ਨੂੰ ਭਾਂਪਨ ਲਗਦੀ ਹੈ। ਉਹ 'ਅਸ਼ਬਦ' ਬ੍ਰਹਮ ਦੀ ਸ਼ਬਦ ਝੁਣਕਾਰ ਨੂੰ ਆਪਣੀ ਤੰਦ ਦੀ ਝਰਨਾਟ ਵਿਚ ਮਹਿਸੂਸ ਕਰਨ ਲੱਗ ਪੈਂਦੀ ਹੈ। ਸੁਰਤਿ ਪੰਜ ਗਿਆਨ ਇੰਦ੍ਰੀਆਂ ਦੀ ਸੂਝ ਤੋਂ ਉਪਰ ਛੇਵੀਂ ਸੂਝ (sixth sense) ਹੈ। ਇਹ ਨਿਰਗੁਣ ਅਤੇ ਸਰਗੁਣ ਦੋਹਾਂ ਦਾ ਜਾਇਜ਼ਾ ਲੈਂਦੀ ਹੈ। ਇਹ ਦੋਹਾਂ ਨੂੰ ਮਾਪਣ ਦਾ ਗਜ਼ ਹੈ। ਇਹ ਉਸ ਕਲਾ ਨੂੰ ਸਮਝਦੀ ਹੈ ਜਿਸ ਦੁਆਰਾ ਨਿਰਗੁਣ ਵੇਸ ਧਾਰਨ ਕਰ ਲੈਂਦਾ ਹੈ ਸਰਗੁਣ ਦਾ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥<br>
ਕਲਾ ਧਾਰਿ ਜਿਨਿ ਸਗਲੀ ਮੋਹੀ ॥...੮ ॥

(ਗਉੜੀ (ਸੁਖ.) ਮ: ੫-੧੮, ਸਫ਼ਾ ੨੮੭)

ਸਾਧਾਰਣ ਤੌਰ ਤੇ ਪਰਮਾਤਮਾ ਦੇ ਦੋ ਰੂਪ ਕਹੇ ਜਾਂਦੇ ਹਨ, ਸਰਗੁਣ ਅਤੇ ਨਿਰਗੁਣ। ਸਰਗੁਣ ਰੂਪ ਤਾਂ ਮਨ ਬੁਧੀ ਬਾਣੀ ਦਾ ਵਿਸ਼ਯ ਹੈ, ਪਰ ਨਿਰਗੁਣ ਅਪਹੁੰਚ ਹੈ। ਉਸ ਦੀ ਭਾਸ਼ਾ ਹੋਰ ਹੈ। ਉਹ 'ਅਸ਼ਬਦ ਬਾਣੀ' ਹੈ। ਪਰ ਸੁਰਤਿ ਦੋ ਭਾਸ਼ੀਆ (interpreter) ਹੈ। ਉਹ ਨਿਰਗੁਣ ਅਤੇ ਸਰਗੁਣ ਦੋਹਾਂ ਦੇ ਇਸ਼ਾ-ਰਿਆਂ ਨੂੰ ਸਮਝਦੀ ਹੈ, ਉਹ ਨਿਰਗੁਣ ਦੇ ਅਰਥ ਸੰਕੇਤਾਂ ਨੂੰ ਸਰਗੁਣ ਦੇ ਸ਼ਬਦ ਚਿੰਨ੍ਹਾਂ ਵਿਚ ਅਨੁਵਾਦ ਕਰ ਦੇਂਦੀ ਹੈ। ਉਹ ਨਿਰਗੁਣ ਦੀ 'ਪਰਾ ਬਾਣੀ' ਨੂੰ 'ਬੈਖਰੀ ਬੋਲੀ' ਵਿਚ ਉਲਥਾ ਦੇਂਦੀ ਹੈ। ਉਹ ਅਨਹਦ ਨਾਦ ਨੂੰ ਸਰਗਮ ਦੀ ਧੁੰਨ ਵਿਚ ਪਲਟਾ ਦੇ ਦੇਂਦੀ ਹੈ। ਸੁਰਤਿ ਦੀ ਗੰਮਤਾ ਸੁੰਨ ਤਕ ਹੈ। ਇਹ ਸੁਰਤਿ ਹੀ ਹੈ

ਜੋ ਸੁੰਨ ਨੂੰ ਜਜ਼ਬ ਕਰ ਲੈਂਦੀ ਹੈ। ਗੁਰਵਾਕ ਹੈ :

ਸੁੰਨ ਸਬਦੁ ਅਪਰੰਪਰਿ ਧਾਰੈ ॥...॥ । ੫੪ ।

(ਰਾਮ. (ਗੋਸ਼ਟਿ) ਮਹਲਾ ੧, ਸਫ਼ਾ ੯੪੪)

ਇਸ ਦਾ ਭਾਵ ਹੈ ਕਿ ਸੁਰਤਿ 'ਸੁੰਨ ਸ਼ਬਦ' ਨੂੰ ਧਾਰਣ ਕਰਕੇ ਅਪਰੰਪਰ ਵਿਚ ਟਿਕ ਜਾਂਦੀ ਹੈ। ਇਹ ਕਿਸ ਤਰ੍ਹਾਂ ਟਿਕ ਜਾਂਦੀ ਹੈ ? ਗੋਰਖ ਬਾਣੀ ਵਿਚ ਇਕ ਇਸ਼ਾਰਾ ਹੈ :

ਅਵਧੂ ਸੁੰਨਿ ਸੋ ਮੰਦਰਿ ਸਬਦ ਸੋ ਦ੍ਵਾਰ ।

(ਗੋਰਖ ਬਾਣੀ, ਸਫ਼ਾ ੨੧੩)

ਪਰ ਅਪਰੰਪਰ ਹੈ ਕੌਣ ? ਅਪਰੰਪਰ ਓਹੋ ਹੀ ਪਾਰਬ੍ਰਹਮ ਹੈ ਜਿਸ ਨੇ ਸੁੰਨ ਕਲਾ ਧਾਰਣ ਕੀਤੀ ਹੋਈ ਹੈ ਇਸ ਪਰਥਾਇ ਬਚਨ ਹੈ :

ਸੁੰਨ ਕਲਾ ਅਪਰੰਪਰਿ ਧਾਰੀ । ਆਪਿ ਨਿਰਾਲਮੁ ਅਪਰ ਅਪਾਰੀ ॥...॥ ੧ ॥

(ਮਾਰੂ (ਸਲਹੇ) ਮਹਲਾ ੧-੧੭, ਸਫ਼ਾ ੧੦੩੭)

ਸੁੰਨ ਕਲਾ ਵਾਲੇ ਅਪਰੰਪਰ ਪਾਰਬ੍ਰਹਮ ਵਿਚ ਅਤੇ ਸੁੰਨ ਸ਼ਬਦ ਵਾਲੀ ਸੁਰਤਿ ਵਿਚ ਜੋ ਸਾਂਝ ਦਾ ਸਿਲਸਿਲਾ ਹੈ ਉਸੇ ਨੂੰ ਅਜਪਾ ਜਾਪ ਕਿਹਾ ਹੈ। ਇਸੇ ਪ੍ਰਸੰਗ ਵਿਖੇ ਬਚਨ ਹੈ :

ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥...
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥...॥੧॥

(ਮਲਾਰ (ਵਾਰ) ਮਹਲਾ ੧-੨੭, ਸਫ਼ਾ ੧੨੯੧)

ਵੇਦਾਂਤ ਦਰਸ਼ਨ ਵਾਲੇ ਪਾਰਬ੍ਰਹਮ ਨੂੰ ਸੁੰਨ ਤੋਂ ਹੋਰ ਅਗਾਂਹ ਲੈ ਗਏ ਸਨ। ਸ਼ੰਕਰਾਚਾਰਯ ਨੇ ਪਾਰਬ੍ਰਹਮ ਨੂੰ 'ਨਿਰਵਾਣ ਸ਼ੁਨ' ਕਿਹਾ ਸੀ :

गंभीरधीरं निर्वाणशून्यम्

(ਅਖੰਡ ਬ੍ਰਹਮ ਸਤੋਤ੍ਰ)

ਸ਼ੰਕਰਾਚਾਰਯ ਦਾ ਸਮਕਾਲੀ ਹੀ ਸਿਧ ਸਰਹਪਾਦ ਹੋਇਆ ਹੈ, ਜਿਸ ਦਾ ਜ਼ਿਕਰ ਪਿਛੇ ਵੀ ਕਰ ਆਏ ਹਾਂ। ਇਹ ਬੱਜਰਯਾਨੀ ਸੁੰਨਵਾਦੀ ਬੁਧ ਪਰੰਪਰਾ ਦਾ ਸਿਧ ਸੀ। ਜਿਸ ਮੱਤ ਵਿਚੋਂ ਇਹ ਸੀ ਉਥੇ 'ਸ਼ੁਨਤਾ' ਨੂੰ ਹੀ ਆਪਣੀ ਯੋਗ ਭਾਵਨਾ ਦਾ ਨਿਸ਼ਾਨਾ ਮੰਨਿਆ ਹੈ। ਧਿਆਨ ਦੀ ਸਾਰੀ ਸਾਧਨਾ ਸ਼ੁੰਨ ਦੇ ਪਰਮਪਦ ਉਪਰ ਪਹੁੰਚਣ ਦੀ ਹੈ, ਜਿਸ ਨੂੰ 'ਸ਼ੁੰਨ ਨਿਰੰਜਨ' ਦਾ ਨਾਮ ਦਿਤਾ ਹੈ। ਬਚਨ ਹੈ :

ਸ਼ੂਨ ਨਿਰੰਜਨ ਪਰਮਪਦ ਸੁਪਨੋਪਮਾ ਸੁਭਾਵ

(ਸਿਧ ਸਰਹਪਾਦ, ਦੋਹਾ ਕੋਸ਼, ਹਿੰਦੀ ਛਾਯਾ, ਸਫ਼ਾ ੩੧)

ਸੁਰਤਿ ਵਾਲੇ ਬੰਦੇ ਲਈ 'ਸੁੰਨ ਨਿਰੰਜਨ' ਹੋਰ ਵੇਸ ਧਾਰਣ ਕਰ ਲੈਂਦਾ ਹੈ, ਉਹ ਨਾਮ ਨਿਰੰਜਨ ਬਣ ਜਾਂਦਾ ਹੈ। ਇਸ ਨਾਲ ਉਹ ਸੂਖਮ ਰਹਿੰਦਾ ਹੋਇਆ ਵੀ ਸਾਧਨ ਕਮਾਈ ਦੀ ਪਕੜ ਦੇ ਘੇਰੇ ਵਿਚ ਆ ਜਾਂਦਾ ਹੈ। ਅਭਿ-ਆਸੀਆਂ ਲਈ ਇਹ ਨਾਮ ਨਿਰੰਜਨ ਕਾਇਆ ਦੇ ਅੰਦਰ ਹੀ ਬੈਠਾ ਹੈ :

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥...।।੨॥

(ਮਾਝ ਮਹਲਾ ੩-੬, ਸਫ਼ਾ ੧੧੨)

ਉਹ ਹੈ ਤਾਂ ਕਾਇਆ ਦੇ ਵਿਚ ਪਰ ਇਸ ਤਨ ਦੀ ਮੈਲ ਤੋਂ ਨਿਰਲੇਪ ਹੈ। ਇਸ ਸਰੀਰ ਵਿਚ ਇਕ ਗੁਫ਼ਾ ਹੈ ਜਿਥੇ ਉਹ ਬੈਠਾ ਹੈ, ਉਹ ਗੁਫ਼ਾ ਹਿਰਦੇ ਰੂਪੀ ਗੁਫ਼ਾ ਹੈ, ਬਚਨ ਹੈ :

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥
ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥॥...॥ ੪ ॥

(ਮਾਝ ਮਹਲਾ ੩-੨੯, ਸਫ਼ਾ ੧੨੬)

ਇਸ ਨਾਮ ਨਿਰੰਜਨ ਦਾ ਸੁਰਤਿ ਨਾਲ ਵਿਸ਼ੇਸ਼ ਸਬੰਧ ਹੈ। ਗੁਰਵਾਕ ਹੈ :

ਐਸਾ ਨਾਮੁ ਨਿਰੰਜਨੁ ਹੋਇ। ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥
ਮੰਨੈ ਸੁਰਤਿ ਹੋਵੈ ਮਨਿ ਬੁਧਿ। ਮੰਨੈ ਸਗਲ ਭਵਣ ਕੀ ਸੁਧਿ ॥...॥੧੩॥

(ਜਪੁਜੀ, ਸਫ਼ਾ ੩)

ਸੁਰਤਿ ਇਕ ਸ਼ਕਤੀ ਹੈ, ਉਹ ਸਭ ਜੰਤੂਆਂ ਅੰਦਰ ਹੈ, ਉਹ ਪ੍ਰਾਰੰਭਕ ਅਵਸਥਾ ਵਿਚ ਅਚੇਤਨ ਹੈ, ਉਹ ਸਭ ਕੰਮ ਆਪਣੀ ਅਗਿਆਤ ਸੂਝ ਨਾਲ ਸੁਆਰਦੀ ਹੈ। ਉਸ ਵਿਚ ਸੋਚ ਸਮਝ ਨਹੀਂ, ਤਰਕ ਦਲੀਲ ਕੁਝ ਨਹੀਂ, ਉਸ ਦਾ 'ਕਰਤਬ' ਸੁਭਾਵਕ ਹੈ ਪਰ ਮਨੁਖਾ ਸਰੀਰ ਵਿਚ ਇਕ ਹੋਰ ਚੀਜ਼ ਹੈ, ਉਹ ਹੈ ਮਨ, ਜਿਸ ਨਾਲ ਉਹ ਦਰਦ, ਦੁਖ ਅਤੇ ਖ਼ੁਸ਼ੀ ਮਹਿਸੂਸ ਕਰਦਾ ਹੈ। ਮਨ ਵਿਚ ਹੀ ਸੰਕਲਪ ਵਿਕਲਪ ਵਿਚਰਦੇ ਹਨ, ਇਸ ਵਿਚ ਹੀ ਇੱਛਾ, ਕਾਮਨਾ ਅਤੇ ਲਾਲਸਾ ਵਸਦੀਆਂ ਹਨ। ਇਸ ਤੋਂ ਇਲਾਵਾ ਮਨੁੱਖ ਦੇ ਅੰਤਹਕਰਣ ਵਿਚ ਇਕ ਹੋਰ ਤੱਤ ਵੀ ਹੈ, ਉਹ ਹੈ ਬੁਧੀ, ਇਹ ਮਨ ਤੋਂ ਉਪਰ ਦੀ ਚੀਜ਼ ਹੈ। ਇਸ ਵਿਚ ਵੀਚਾਰ ਅਤੇ ਸਮਝ ਵਸਦੀ ਹੈ। ਇਹ ਬੁਧੀ ਹੀ ਹੈ ਜਿਸ ਵਿਚ ਨਿਸਚੇ ਕਰਨ ਦੀ ਸਮਰੱਥਾ ਹੈ। ਬੁਧੀ ਵਿਚ ਵਿਵੇਕ ਵੀ ਹੈ, ਇਹ ਬੁਰੇ ਭਲੇ ਦਾ ਵਿਤ੍ਰੇਕ ਵੀ ਕਰਦੀ ਹੈ, ਪਰ ਇਸ ਤੋਂ ਵਧ ਇਸ ਦੀ ਪਹੁੰਚ ਨਹੀਂ। ਇਹ ਪੰਜ ਗਿਆਨ

ਇੰਦ੍ਰੀਆਂ ਦੇ ਆਧਾਰ ਉਤੇ ਚਲਦੀ ਹੈ। ਜੋ ਮਸਾਲਾ ਗਿਆਨ ਇੰਦ੍ਰੀਆਂ ਉਪਲਬਧ ਕਰਦੀਆਂ ਹਨ ਉਨ੍ਹਾਂ ਉਪਰ ਹੀ ਇਹ ਤਰਕ ਵਿਤਰਕ ਕਰਕੇ ਸਿੱਟੇ ਕੱਢ ਸਕਦੀ ਹੈ। ਬੁਧੀ ਪੰਜ ਤੱਤਾਂ ਦੀ ਉਪਜ ਹੈ। ਜੋ ਪਦਾਰਥ ਪੰਜ ਤੱਤਾਂ ਤੋਂ ਉਪਰ ਵਰਤਦੇ ਹਨ ਉਹ ਬੁਧੀ ਦੀ ਪਹੁੰਚ ਤੋਂ ਪਰੇ ਹੋ ਜਾਂਦੇ ਹਨ। ਇਸ ਕਰਕੇ ਆਤਮਾ ਦੇ ਪ੍ਰਤੱਖ ਦਰਸ਼ਨ ਵਿਚ ਇਸ ਦਾ ਦਖ਼ਲ ਨਹੀਂ, ਪਰਮਾਤਮਾ ਦੇ ਵਿਸ਼ਯ ਸੰਬੰਧ ਵਿਚ ਇਸ ਦਾ ਪ੍ਰਵੇਸ਼ ਨਹੀਂ, ਅੱਖੋਂ ਓਝਲ ਤ੍ਰਿਲੋਕੀ ਦੇ ਗਿਆਨ ਵਿਚ ਇਸ ਦਾ ਗੁਜ਼ਰ ਨਹੀਂ। ਕੋਈ ਵੀ ਸ਼ੈ ਜੋ ਪੰਜ ਗਿਆਨ ਇੰਦ੍ਰੀਆਂ ਦੀ ਚੇਤਨਾ ਤੋਂ ਉਪਰ ਹੈ ਉਹ ਇਸ ਦੀ ਪਕੜ ਤੋਂ ਬਾਹਰ ਹੋ ਜਾਂਦੀ ਹੈ। ਮਨੁਖ ਦੀ ਜ਼ਿੰਦਗੀ ਦਾ ਭੇਦ ਇਸ ਦੀ ਸੁਰਤਿ ਵਿਚ ਛੁਪਿਆ ਹੋਇਆ ਹੈ, ਇਹ ਆਦਿ ਅਵਸਥਾ ਵਿਚ ਇਕ ਸੁਭਾ ਭੂਤ ਅਚੇਤਨ ਸੱਤਾ ਹੈ। ਪਰ ਇਹ ਹਿਰਦੇ ਦੀ ਉਸ ਗੁਫ਼ਾ ਦੇ ਨਿਕਟ ਹੈ ਜਿਥੇ ਨਾਮ ਨਿਰੰਜਨ ਵਸਦਾ ਹੈ। ਇਹ ਸਮੀਪਤਾ ਬੜੀ ਅਰਥ ਪੂਰਣ ਹੈ, ਉਹ ਨਿਰੰਜਨ ਜੋ ਮਨ ਬੁਧੀ ਦੀ ਗ੍ਰਹਿਣ ਸ਼ਕਤੀ ਤੋਂ ਪਰੇ ਹੈ, ਉਹ ਕਾਇਆ ਅੰਦਰ ਹਿਰਦੇ ਦੀ ਗੁਫ਼ਾ ਵਿਚ ਬੈਠਾ ਹੋਇਆ ਸੁਰਤਿ ਦੇ ਨਜ਼ਦੀਕ ਹੈ, ਗੁਰੂ ਬਾਬੇ ਨੇ ਕਿਹਾ ਹੈ :

ਪਉੜੀ ॥...॥ ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥...
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ...॥੧੩॥

(ਸਾਰੰਗ (ਵਾਰ) ਮਹਲਾ ੪, ਸਫ਼ਾ ੧੨੪੨)

ਨਾਮ ਨਿਰੰਜਨ ਦੀ ਅਭਿਪ੍ਰੇਰਣਾ (induction) ਨਾਲ ਸੁਰਤਿ ਵਿਚ ਚੇਤਨਾ ਦੀ ਲਹਿਰ ਫੈਲ ਜਾਂਦੀ ਹੈ। ਚੇਤਨਤਾ ਵਿਚ ਜਾਗੀ ਹੋਈ ਸੁਰਤਿ, ਮਨ ਨੂੰ ਲਹਿਰਾਉ ਦੇ ਕੇ ਬੁਧੀ ਵਿਚ ਤ੍ਰੰਗਤ ਹੋ ਉਠਦੀ ਹੈ। ਬੁਧੀ ਨੂੰ ਵੀ ਹਿਲੋਰਾ ਦੇਂਦੀ ਹੋਈ ਇਹ ਫਿਰ ਹੋਰ ਅਗਾਂਹ ਵਧਦੀ ਹੈ ਇਹ ਬੁਧੀ ਮੰਡਲ ਦੀ ਹੱਦ ਟੱਪ ਜਾਂਦੀ ਹੈ, ਇਸ ਤਰ੍ਹਾਂ ਪੰਜ ਗਿਆਨ ਇੰਦ੍ਰੀਆਂ ਦੀ 'ਅਕਲ ਕੈਦ' ਤੋਂ ਛਲਾਂਗ ਮਾਰਦੀ ਹੋਈ ਇਹ 'ਸੁਧ' ਬਣ ਜਾਂਦੀ ਹੈ :

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧ ਬਦਲੀ ਸਿਧਿ ਪਾਈ ॥੨॥

(ਗਉੜੀ ਕਬੀਰ-੭੨, ਸਫ਼ਾ ੩੩੯)

ਇਹ ਹਿਰਦੇ ਵਿਚ ਬੈਠੇ ਨਾਮ ਨਿਰੰਜਨ ਦਾ ਕ੍ਰਿਸ਼ਮਾ ਹੈ ਕਿ ਸੁਰਤਿ ਨੂੰ ਮਨ ਬੁਧੀ ਦੇ ਕਾਰਾਵਾਸ ਦੇ ਬੰਧਨਾਂ ਤੋਂ ਮੁਕਤ ਕਰ ਦੇਂਦਾ ਹੈ। 'ਸੁਧ' ਇਕ ਕਿਸਮ ਦਾ ਸੁਤੇ

ਸਿਧ ਗਿਆਨ ਹੈ ਜਿਸ ਵਿਚ ਦੇਸ਼ ਕਾਲ ਵਸਤੂ ਦੀ ਨਿਰਭਰਤਾ ਨਹੀਂ। 'ਸੁਧ' ਇਕ ਪ੍ਰਕਾਰ ਦਾ ਅਨੁਭਵੀ ਫੁਰਨਾ ਹੈ। ਇਸੇ ਨੂੰ ਅੰਗਰੇਜ਼ੀ ਵਿਚ (intuition) ਕਿਹਾ ਹੈ। ਇਹ ਅੰਤਰ ਦ੍ਰਿਸ਼ਟੀ ਦਾ ਅਨੁਭਵ ਪ੍ਰਕਾਸ਼ ਹੈ। ਇਹ ਸੁਰਤਿ ਵਾਲਿਆਂ ਦਾ ਨਜ਼ਰ ਉਜਾਲਾ ਹੈ। ਇਸ ਦਾ 'ਨਾਮ ਨਿਰੰਜਨੁ' ਨਾਲ ਨਿਕਟ ਵਰਤੀ ਸੰਬੰਧ ਹੈ।

ਸੁਰਤਿ ਸਾਂਝੀ ਚੀਜ਼ ਹੈ, ਇਹ ਦੋ ਸਾਂਝ ਕਲਾ ਹੈ। ਇਸ ਦੀ ਇਕ ਕਲਾ ਤਾਂ ਸਰੀਰ ਦੇ ਅੰਦਰ ਤਨ ਦੇ ਤੰਤੂਆਂ ਨਾਲ ਓਤ ਪ੍ਰੋਤ ਹੈ, ਦੂਜੀ ਕਲਾ ਤੱਤਾਂ ਤੋਂ ਉਪਰ ਵਰਤ ਰਹੀ ਪ੍ਰਗਯਾ ਦੇ ਮੰਡਲ ਦੀ ਉਡਾਰੂ ਹੈ। ਸੁਰਤਿ ਵਿਚ ਇਸ ਪ੍ਰਕਾਰ ਦੇ ਲੋਕਾਂ ਦੀ ਪ੍ਰਤਿਨਿਧਤਾ ਹੈ, ਇਸ ਦੇ ਪੈਰ ਤਾਂ ਧਰਤੀ ਦੀ ਸਥੂਲ ਮਿੱਟੀ ਉਤੇ ਟਿਕੇ ਹਨ ਪਰ ਸਿਰ ਗਗਨ ਦੇ ਫਿਕੇ ਕਾਸ਼ਨੀ ਪ੍ਰਕਾਸ਼ ਵਿਚ ਝੂਮਦਾ ਹੈ। ਸੁਰਤਿ ਉਸ ਚੁੰਬਕ ਸੂਈ (magnetic needle) ਵਾਕੁਣ ਕੰਮ ਕਰਦੀ ਹੈ ਜੋ ਆਪਣੇ ਮਰਕਜ਼ ਉਤੇ ਟੰਗੀ ਹੋਈ ਵੀ ਧ੍ਰੂ ਤਾਰੇ ਵਲ ਸਨਮੁਖ ਰਹਿੰਦੀ ਹੈ। ਇਹ ਨਾਮੁ ਨਿਰੰਜਨ ਹੈ ਜੋ ਸੁਰਤਿ ਵਿਚ ਚੁੰਬਕ ਵਾਲੀ ਚੇਸ਼ਟਾ ਪੈਦਾ ਕਰਦਾ ਹੈ। ਨਾਮੁ ਨਿਰੰਜਨੁ ਹੀ ਸ਼ਬਦ ਬ੍ਰਹਮ ਹੈ।

## II

ਸੁਰਤਿ ਵਾਲਾ ਬੰਦਾ ਰਸੀਆ ਹੁੰਦਾ ਹੈ, ਚਾਉ ਭਰਪੂਰ ਹੁੰਦਾ ਹੈ, ਕੁਦਰਤ ਨਾਲ ਉਸ ਦਾ ਖ਼ਾਸ ਪਿਆਰ ਹੁੰਦਾ ਹੈ। ਸੁੰਦਰਤਾ ਉਸ ਦੇ ਮਨ ਨੂੰ ਟੁੰਭਦੀ ਅਤੇ ਉਚਿਆਂ ਕਰਦੀ ਹੈ।

ਗਿਆਨ ਦੇ ਪੱਖ ਵਾਲੇ ਸਾਧਕ ਜੈਸੇ ਕਿ ਵੇਦਾਂਤੀ, ਯੋਗੀ, ਨਯਾਯ ਅਤੇ ਵੈਸ਼ੇਸ਼ਕ ਮਤ ਵਾਲੇ, ਸਾਂਖ ਦੇ ਅਨੁਯਾਈ, ਸਾਰੇ ਦੇ ਸਾਰੇ ਇਕ ਗੱਲ ਵਿਚ ਸਹਿਮਤ ਹਨ। ਇਨ੍ਹਾਂ ਦੀ ਹਮਖਿਆਲੀ ਇਸ ਵਿਚ ਹੈ ਕਿ ਪ੍ਰਕਿਰਤੀ ਤੋਂ ਅਲਗ ਹੋਣਾ। ਇਨ੍ਹਾਂ ਦੀ ਇਤਫ਼ਾਕ ਰਾਏ ਸਾਧਨਾ ਦੇ ਉਸ ਪੱਖ ਉਤੇ ਜ਼ੋਰ ਦੇਣ ਦੀ ਹੈ ਜੋ ਕੁਦਰਤ ਵਲੋਂ ਮੂੰਹ ਮੋੜਦੀ ਹੈ। ਕੁਦਰਤ ਨੂੰ ਦੇਖਣ ਦੇ ਕਈ ਤਰੀਕੇ ਹਨ, ਇਕ ਸਾਇੰਸ ਦਾ ਤਰੀਕਾ ਹੈ ਜੋ ਪ੍ਰੀਖਿਆ ਦੁਆਰਾ ਅੰਗ ਪ੍ਰਤਿਅੰਗ ਨਿਖੇੜਦਾ ਹੈ। ਫਿਰ ਇਸ ਜੋੜ ਤੋੜ ਤੋਂ ਅਨੁਮਾਨ ਲਾਉਂਦਾ ਅਤੇ ਨਿਯਮ ਘੜਦਾ ਹੈ, ਦੂਜਾ ਫ਼ਲਾਸਫ਼ੀ ਦਾ ਹੈ ਜੋ ਦਲੀਲ ਨੂੰ ਵਰਤ ਕੇ ਸੂਖਮ ਸਿਟੇ ਕਢਦਾ ਹੈ, ਫਿਰ ਇਨ੍ਹਾਂ ਅਮੂਰਤ ਸਿਧਾਂਤਾਂ ਨੂੰ ਤਰਕ (logic) ਦੀ ਚੋਕਾਠ ਵਿਚ ਜੜ ਕੇ ਸਾਡੇ ਸਾਮ੍ਹਣੇ ਲਟਕਾ ਦੇਂਦਾ ਹੈ ਜਿਸ

ਵਿਚੋਂ ਦੇਖਣ ਵਾਲੇ ਇਕ ਸਿਧੇ ਸਾਦੇ ਮਨੁਖ ਨੂੰ ਹੋਰ ਕੁਝ ਨਹੀਂ ਦਿਸਦਾ ਸਿਵਾਇ 'ਧੁੰਧ ਦਾ ਗੁਬਾਰ' ਜੋ ਹੇਠੋਂ ਇਕ ਠੰਡੀ ਭਾਪ ਵਾਕਣ ਉਠ ਕੇ ਵਲੇਵੇਂ ਮਾਰਦਾ ਦੂਰ ਤਕ ਫੈਲਦਾ ਹੋਇਆ ਪਤਲਾ ਪੈ ਜਾਂਦਾ ਹੈ। ਤੀਜਾ ਤਰੀਕਾ ਵਹਿਮ ਭਰਮ ਦਾ ਹੈ, ਇਸ ਨਾਲ ਦਰਖਤਾਂ ਵਿਚ ਭੂਤ ਪ੍ਰੇਤ ਦਿਸਦੇ ਹਨ, ਪਥਰਾਂ ਵਿਚ ਯੱਖ, ਪਹਾੜਾਂ ਵਿਚ ਕਿੰਨਰ, ਗੰਧਰਵ ਆਦਿਕ ਹਰ ਥਾਂ ਦੇਵੀ ਦੇਵਤੇ, ਚੰਗੇ, ਭਲੇ, ਡਰਾਉਣੇ। ਚੌਥਾ ਤਰੀਕਾ ਕੁਦਰਤ ਨੂੰ ਤੱਕਣ ਦਾ ਹੈ ਰਸੀਆਂ ਦਾ ਹੈ। ਰਸ ਵਾਲੇ ਬੰਦੇ ਨੂੰ ਚਾਰੋਂ ਪਾਸੇ ਸੁੰਦਰਤਾ ਦਾ ਕ੍ਰਿਸ਼ਮਾ ਨਜ਼ਰ ਆਉਂਦਾ ਹੈ। ਉਸ ਉਤੇ ਅਸਚਰਜਤਾ ਦਾ ਰੰਗ ਛਾ ਜਾਂਦਾ ਹੈ, ਉਸ ਦੀਆਂ ਅੱਖਾਂ ਨੂਰੋ ਨੂਰ ਹੋ ਜਾਂਦੀਆਂ ਹਨ। ਗੁਰ ਵਾਕ ਹੈ।

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥ ੨੪ ॥

(ਰਾਮ. ਮਹਲਾ ੩-੧੧, ਸਫ਼ਾ ੯੧੦)

ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਰੌਂ ਕੁਦਰਤ ਨਾਲ ਰੁਚੀ ਪੈਦਾ ਕਰਦਾ ਹੈ। ਸੁਰਤਿ ਵਾਲਿਆਂ ਲਈ ਕੁਦਰਤੀ ਨਜ਼ਾਰਿਆਂ ਵਿਚੋਂ 'ਚਾਉ' ਟਪਕਦਾ ਹੈ :

ਮ: ੨ ॥...॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ।...॥੧॥

(ਮਾਝ (ਵਾਰ) ਮਹਲਾ ੧-੧੮, ਸਫ਼ਾ ੧੪੬)

ਇਸੇ ਚਾਉ ਵਿਚ :

ਪਉੜੀ ॥...ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ...॥੧੧॥

(ਗੁਜਰੀ (ਵਾਰ) ਮਹਲਾ ੫, ਸਫ਼ਾ ੫੨੧)

ਬਿਸਮਾਦ ਵਾਲੀ ਗੱਲ ਦੇ ਹੇਠ ਕੁਛ ਹੋਰ ਭੇਦ ਹੈ, ਇਹ ਸੁਰਤਿ ਦਾ ਰਹੱਸ ਹੈ। ਗੁਰਵਾਕ ਹੈ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ......।.੨॥

(ਧਨਾਸਰੀ ਪੀਪਾ ੧, ਸਫ਼ਾ ੬੯੫)

ਇਸ ਦਾ ਭਾਵ ਇਹ ਹੈ ਕਿ ਜੋ ਵਿਸ਼ਵ ਵਿਚ ਹੈ ਉਹ ਸਰੀਰ ਵਿਚ ਵੀ ਹੈ। ਪਰ ਇਸ ਦੀ ਖੋਜ ਦੇ ਨਿਆਰੇ ਨਿਆਰੇ ਰਾਹ ਹਨ। ਸੁਰਤਿ ਵਾਲੇ ਦਾ ਰਾਹ ਰਸੀਆਂ ਦਾ ਮਾਰਗ ਹੈ। ਉਸ ਦੀ ਨਜ਼ਰ ਤਾਂ ਬਾਹਰ ਦੇ ਦ੍ਰਿਸ਼ ਵਿਚ ਰਸ ਮਖਮੂਰ ਹੈ, ਪਰ ਉਸ ਦਾ ਚਿਤ ਅੰਦਰਵਾਰ ਕਿਸੇ ਹੋਰ ਲਗਨ ਵਿਚ ਹੈ। ਉਸ ਦੀ ਸੁਰਤਿ ਉਸ ਅਣਦਿਸਦੇ ਬ੍ਰਹਮ ਨੂੰ ਭਾਂਪ ਰਹੀ ਹੈ, ਜੋ ਨਿਰਾਕਾਰ ਹੈ, ਪਰ ਜੋ ਸ਼ਬਦ ਵਿਚ ਰੂਪਵਾਨ ਹੋ ਜਾਂਦਾ ਹੈ :

ਮ: ੩ ॥ ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥...॥੨॥
(ਸਾਰੰਗ (ਵਾਰ) ਮਹਲਾ ੪-੩੩, ਸਫ਼ਾ ੧੨੫੦)

ਇਸ ਤਰ੍ਹਾਂ ਜੋ ਅਮੂਰਤ ਹੈ ਉਹ ਸ਼ਬਦ ਵਿਚ ਆਪਣੀ ਅਚਲ ਮੂਰਤ ਦੇ ਅਨੁਭਵ ਪ੍ਰਕਾਸ਼ ਦਾ ਜਲਵਾ ਦਿਖਾ ਜਾਂਦਾ ਹੈ। ਇਸੇ ਕਰਕੇ ਕਿਹਾ ਹੈ :

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥ ੨੪ ॥
ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥ ੨੫ ॥
(ਰਾਮ. (ਅਸਟ.) ਮਹਲਾ ੩-੧੧, ਸਫ਼ਾ ੯੧੦)

ਜੋਤੀ ਵਿਚ ਜੋਤ ਸਮਾਉਣੀ ਵੈਸੀ ਹੀ ਗੱਲ ਹੈ ਜੈਸੀ ਸੁਰਤਿ ਵਿਚ ਸੁਰਤਿ ਸਮਾਉਣੀ, ਯਥਾ :

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗ ॥......॥੨॥
(ਸਿਰੀ. ਮਹਲਾ ੧-੨੦, ਸਫ਼ਾ ੨੧)

ਸੁਰਤਿ ਵਾਲੇ ਲਈ ਬਾਹਰ ਦੀ ਕੁਦਰਤ ਇਕ ਜ਼ਰੂਰੀ ਸਹਾਰਾ ਹੈ, ਜਿਸ ਉਤੇ ਉਸ ਦੀ ਨਜ਼ਰ ਟਿਕਦੀ ਹੈ। ਉਸ ਲਈ ਕੁਦਰਤ ਇਕ ਪਤਲਾ ਘੁੰਡ ਹੈ, ਜਿਸ ਦੀਆਂ ਮਹੀਨ ਰੇਸ਼ਮੀ ਤਾਰਾਂ ਵਿਚੋਂ ਹੁਸਨ ਦੀ ਨੁਹਾਰ ਭਖ ਉਠਦੀ ਹੈ। ਇਸ ਤਰ੍ਹਾਂ ਬਾਹਰ ਦਾ ਨਜ਼ਾਰਾ ਅਤੇ ਅੰਦਰ ਦੀ ਲਗਨ ਅਣਡਿਠ ਪ੍ਰਮਾਤਮਾ ਦੀ ਨਿਰਾ-ਕਾਰਤਾ ਨੂੰ ਸਾਕਾਰਤਾ ਦਾ ਵੇਸ ਦੇ ਦੇਂਦੀ ਹੈ। ਉਹ ਜੋ ਅਦ੍ਰਿਸ਼ਟ ਹੈ ਉਹ ਦਿਸਣ ਵਾਲੀ ਹਸਤੀ ਬਣ ਜਾਂਦੀ ਹੈ :

ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥ ੩ ॥
(ਸੋਰਠਿ ਮਹਲਾ ੧-੧੧, ਸਫ਼ਾ ੫੯੯)

ਅਦ੍ਰਿਸ਼ਟ ਨੂੰ ਦੇਖਣ ਲਈ ਸੁਰਤਿ ਸੰਜੋਗ ਦੀ ਲੋੜ ਹੈ। ਬਗ਼ੈਰ ਇਸ ਦੇ ਕੰਮ ਨਹੀਂ ਸਰਦਾ। ਸੰਤ ਅਗਸਤੀਨ (St. Augustine A.D. 354-430) ਨੇ ਇਕ ਥਾਵੇਂ ਕਿਹਾ ਹੈ :

I look up to the sky and to the beauty of the stars, I admire, the brightness of the sun bring to birth the day; the moon, soothing the darkness of night, these are wonderful sights, amazing even, for they are not earthly, but heavenly; but even there my thirst is not yet appeased, I wonder, I praise, but I seek Him who made these

things...that I see is not to be sought out by these eyes. (St. Augustine)

ਸਪੱਸ਼ਟ ਲਫ਼ਜ਼ਾਂ ਵਿਚ ਇਸ ਦਾ ਸੰਖੇਪ ਭਾਵ ਇਹ ਹੈ ਕਿ ਮੈਂ ਕੁਦਰਤ ਨੂੰ ਦੇਖਦਾ ਹਾਂ, ਇਸ ਦੀ ਸੁੰਦਰਤਾ ਦੀ ਵਡਿਆਈ ਕਰਦਾ ਹਾਂ ਪਰ ਮੇਰੀ ਪਿਆਸ ਨਹੀਂ ਬੁਝਦੀ। ਮੈਨੂੰ ਅੱਖਾਂ ਨਾਲ, ਬਿਸ ਵਿਚ 'ਉਹ' ਨਹੀਂ ਦਿਸਦਾ ਜਿਸ ਨੇ ਇਹ ਕੁਦਰਤ ਬਣਾਈ ਹੈ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ 'ਉਹ' ਕਿਉਂ ਨਹੀਂ ਦਿਸਦਾ ? ਇਸ ਵਿਚ ਭੇਦ ਹੈ। ਇਹ ਸੁਰਤਿ ਦੀ ਗੱਲ ਹੈ। ਸੁਰਤਿ ਵਾਲੇ ਲਈ ਨਿਰਗੁਣ ਰਾਮ ਕੁਦਰਤ ਦੇ ਵਿਸਮਾਦ ਰੂਪ ਵਿਚ ਝਲਕਦਾ ਹੈ। ਸੁਰਤਿ ਕਿਸ ਤਰ੍ਹਾਂ ਨਿਰਗੁਣ ਨੂੰ ਸਰਗੁਣ ਵਿਚ ਪਲਟਾ ਦੇਂਦੀ ਹੈ ? ਇਸ ਦਾ ਸੰਕੇਤ ਗੁਰਬਾਣੀ ਵਿਚ ਹੈ :

ਨਿਰਗੁਣ ਰਾਮੁ ਗੁਣਹ ਵਸਿ ਹੋਇ ॥...॥ ੧ ॥ ਰਹਾਉ ॥

(ਗਉੜੀ (ਅਸਟ.) ਮਹਲਾ ੧-੩, ਸਫ਼ਾ ੨੨੨)

ਪਰ ਸੁਰਤਿ ਵਿਚ ਇਕ ਹੋਰ ਸ਼ਕਤੀ ਵੀ ਹੈ। ਉਹ ਉਲਟਾਵੀਂ ਤਾਕਤ ਹੈ। ਉਹ ਸਰਗੁਣ ਨੂੰ ਨਿਰਗੁਣ ਵਿਚ ਪਲਟ ਦੇਂਦੀ ਹੈ। ਇਹ ਗੱਲ ਕਿਸ ਤਰ੍ਹਾਂ ਹੋ ਜਾਂਦੀ ਹੈ। ਅਸੀਂ ਜੋ ਬੋਲੀ ਬੋਲਦੇ ਹਾਂ, ਉਸ ਨੂੰ ਬੈਖ਼ਰੀ ਬਾਣੀ ਕਹਿੰਦੇ ਹਨ। ਇਹ ਅਖਰਾਂ ਵਾਲੀ ਬਾਣੀ ਹੈ, ਇਹ ਸਾਡੀ ਜ਼ਬਾਨ ਉਤੇ ਵਸਦੀ ਹੈ। ਪਰ ਜ਼ਬਾਨ ਤੋਂ ਹੇਠਾਂ ਅੰਦਰਵਾਰ ਇਹ ਬੈਖਰੀ ਨਹੀਂ। ਇਹ ਭਾਵ ਰੂਪ ਹੈ, ਉਸ ਨੂੰ ਮਧਮਾ ਕਹਿੰਦੇ ਹਨ। ਮਧਮਾ ਤੋਂ ਵੀ ਹੇਠਾਂ ਹੋਰ ਅੰਦਰ ਵਲ ਨੂੰ ਇਹ ਪ੍ਰਕਾਸ਼ ਰੂਪ ਹੈ। ਇਸ ਨੂੰ ਪਸ਼ਯੰਤੀ ਬਾਣੀ ਕਹਿੰਦੇ ਹਨ। ਪਸ਼ਯੰਤੀ ਦੇ ਅਰਥ ਹੀ ਹਨ ਜੋ ਦਿਸਦੀ ਹੈ। ਇਸ ਡੂੰਘਾਈ ਵਿਚ ਬਾਣੀ ਕਹਿਣ ਸੁਣਨ ਦਾ ਵਿਸ਼ਯ ਨਹੀਂ, ਇਹ ਜੋਤ ਰੂਪ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥

(ਸਿਰੀ. (ਅਸਟ.) ਮਹਲਾ ੩-੨੨, ਸਫ਼ਾ ੬੭)

ਪਸ਼ਯੰਤੀ ਅਵਸਥਾ ਵਿਚ ਬਾਣੀ ਇਕ ਨਿਰਮਲ ਉਜਾਲਾ ਹੈ, ਇਹ ਪ੍ਰਣਵ ਰੂਪ ਹੈ, ਇਹ ਓਂਕਾਰ ਹੈ, ਇਹ ਸ਼ਬਦ ਬ੍ਰਹਮ ਹੈ। ਇਸ ਤੋਂ ਹੇਠਾਂ ਪਰਾ ਬਾਣੀ ਹੈ। ਜੋ ਪਾਰਬ੍ਰਹਮ ਦੀ ਸੂਚਕ ਹੈ। ਇਸ ਤਰ੍ਹਾਂ ਸੁਰਤਿ ਸਰਗੁਣ ਨੂੰ ਨਿਰਗੁਣ ਵਿਚ ਬਦਲਦੀ ਹੈ। ਉਹ ਪਹਿਲੇ ਗੁਣਾਂ ਦੇ ਜ਼ਰੀਏ ਨਾਮ ਨੂੰ ਧਾਰਨ ਕਰਦੀ ਹੈ :

ਗੁਣ ਤੇ ਨਾਮੁ ਪਰਾਪਤਿ ਹੋਇ ॥ ੨ ॥

(ਆਸਾ ਮਹਲਾ ੩-੪੧, ਸਫ਼ਾ ੩੬੧)

ਫਿਰ ਪੱਲਟਾਵਾ ਚੱਕਰ ਹੈ, ਇਸ ਨਾਲ ਚਾਰ ਬਾਣੀਆਂ ਪਰਾ, ਪਸ਼ਯੰਤੀ ਮਧਮਾ, ਬੈਖਰੀ ਉਲਟਾ ਗੇੜ ਲੈਂਦੀਆਂ ਹਨ ।

ਇਸ ਤਰ੍ਹਾਂ ਸਰਗੁਣ ਨਾਮ, ਜੋ ਬੈਖਰੀ ਨਾਮ ਹੈ, ਉਹ ਅੰਦਰ ਵਲ ਧਸਦਾ, ਭਾਵ ਵਿਖੇ ਪੱਲਟਦਾ ਹੋਇਆ ਪ੍ਰਕਾਸ਼ ਵਿਚ ਉਲਟੀਂਦਾ "ਅਜਪਾ" ਹੋ ਜਾਂਦਾ ਹੈ । ਸੁਰਤਿ ਦੋ ਭਾਸ਼ੀਆ ਹੋਣ ਕਰਕੇ ਨਿਰਗੁਣ ਨੂੰ ਸਰਗੁਣ ਵਿਚ ਅਤੇ ਸਰਗੁਣ ਨੂੰ ਨਿਰਗੁਣ ਵਿਚ ਪਲਟ ਦੇਂਦੀ ਹੈ । ਸਰਗੁਣ ਅਤੇ ਨਿਰਗੁਣ ਦੀ ਸਾਵੀਂ ਏਕਤਾ ਦੀ ਸਮਝ ਦਾ ਨਾਮੁ ਸੁਰਤਿ ਹੈ । ਸੁਰਤਿ ਬਾਹਰ ਵਲ ਤਾਂ ਗੁਣ ਦੇਖ ਕੇ ਵਿਸਮਾਦ ਵਿਚ ਜਾਂਦੀ ਹੈ, ਅੰਦਰ ਵਲ ਉਹੋ ਚੀਜ਼ ਨਿਰਗੁਣ ਹੋ ਕੇ ਹਿਰਦੇ ਦੀਆਂ ਨਿਰਾਕਾਰ ਮਹਿਰਾਬਾਂ ਵਿਚ ਅਨਹਦ ਦੀ ਗੂੰਜ ਗੂੰਜਦੀ ਹੈ :

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥...੪ ॥

(ਸੂਹੀ ਮਹਲਾ ੧-੩, ਸਫ਼ਾ ੭੬੫)

ਇਨ੍ਹਾਂ ਗੱਲਾਂ ਦਾ ਤਾਤਪਰਜ ਇਹ ਹੈ ਕਿ ਤਿੰਨ ਪਰਕਾਰ ਦੇ ਬੰਦੇ ਹਨ । ਇਕ ਉਹ ਮਨੁੱਖ ਹਨ ਜੋ ਬਾਹਰ ਕੁਦਰਤ ਤਕਦੇ ਹਨ ਪਰ ਉਨ੍ਹਾਂ ਦੀ ਪਿਆਸ ਨਹੀਂ ਬੁਝਦੀ । ਬਾਹਰ ਦੀ ਢੂੰਡ ਭਾਲ ਵਿਚੋਂ ਅੰਦਰ ਦੀ ਤਸੱਲੀ ਨਹੀਂ ਹੁੰਦੀ । ਦੂਜੇ ਉਹ ਹਨ ਜੋ ਕੇਵਲ ਅੰਦਰ ਹੀ ਤਕਦੇ ਹਨ । ਇਹ ਯੋਗ ਸਾਧਨਾਂ ਵਾਲੇ ਹਨ । ਇਹ ਅੱਖਾਂ ਮੀਟ ਲੈਂਦੇ ਹਨ ਅਤੇ ਸਾਰੇ ਬ੍ਰਹਮੰਡ ਦੇ ਕੇਂਦਰਾਂ ਦੀ ਸੂਹ ਸਰੀਰ ਦੇ ਅੰਦਰ ਹੀ ਲਗਾਉਂਦੇ ਹਨ । ਇਹ ਮਨੁੱਖ ਦੁਨੀਆਂ ਤੋਂ ਵੱਖ ਹੋ ਜਾਂਦੇ ਹਨ, ਸਮਾਜ ਤੋਂ ਪਰੇ ਹੋ ਜਾਂਦੇ ਹਨ, ਲੋਕ ਭਲਾਈ ਤੋਂ ਅੱਡਰੇ ਹੋ ਜਾਂਦੇ ਹਨ । ਜਿਸ ਵੇਲੇ ਇਨ੍ਹਾਂ ਦੀ ਹਮਦਰਦੀ ਦੀ ਲੋੜ ਹੁੰਦੀ ਹੈ ਉਸ ਵੇਲੇ ਵੀ ਇਹ ਨਿਜੀ ਸੁਖ ਦੀ ਖਾਤਰ ਦੂਰ ਨਸਦੇ ਹਨ । ਇਸੇ ਕਰਕੇ ਇਨ੍ਹਾਂ ਦੀ ਨਿੰਦਿਆ ਵੀ ਹੈ । ਭਾਈ ਗੁਰਦਾਸ ਜੀ ਨੇ ਯੋਗੀਆਂ ਉਪਰ ਇਹੋ ਤਨਜ ਕੀਤੀ ਸੀ ਕਿ ਜਿਸ ਵੇਲੇ ਪਰਜਾ ਦੀ ਭਲਾਈ ਦੇ ਤਰੱਦਦਾਂ ਦੀ ਲੋੜ ਸੀ ਉਸ ਵੇਲੇ ਇਹ 'ਸਿਧ' ਪੁਰਸ਼ ਆਪਣੀਆਂ ਜਾਨਾਂ ਬਚਾਉਣ ਲਈ ਪਹਾੜਾਂ ਨੂੰ ਨਸ ਗਏ :

ਸਿੱਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ ।

(ਵਾਰਾਂ ਭਾਈ ਗੁਰਦਾਸ, ੧, ੨੯)

ਕੀ ਯੋਗ ਸੰਪ੍ਰਦਾਇ ਵਿਚ ਐਸੀ ਖੁਦਗਰਜ਼ੀ ਹੈ ? ਇਸ ਗੱਲ ਦੀ ਪੁਸ਼ਟੀ ਅਨੇਕ ਸੋਮਿਆ ਤੋਂ ਮਿਲਦੀ ਹੈ । ਯੋਗ ਦੇ ਤਰੀਕਿਆਂ ਬਾਰੇ ਇਹ ਲਿਖਿਆ

ਹੈ :

The method comprises a number of different techniques (physiological, mental, mystical), but they all have one characteristic in common, they are antisocial, or indeed, antihuman......All of the yogic techniques invite to one and the same gesture—to do exactly the opposite of what human nature forces one to do From solitude and chastity to *samyama*, there is no solution of continuity. The orientation always remains the same...to react against the normal' 'secular' and finally 'human' inclination. (Mircea Eliade, *Yoga Immortality and Freedom* pp. 95-96)

ਅਸੀਂ ਦੋ ਪਰਕਾਰ ਦੀ ਰੂਹਾਨੀ ਵੰਨਗੀ ਦਾ ਨਮੂਨਾ ਪੇਸ਼ ਕਰ ਆਏ ਹਾਂ, ਹੁਣ ਤੀਜੀ ਕਿਸਮ ਦੇ ਮਨੁੱਖ ਉਹ ਹਨ ਜਿਨ੍ਹਾਂ ਨੇ ਅੰਦਰ ਅਤੇ ਬਾਹਰ ਦੀ ਦੁਬਿਧਾ ਮਿਟਾ ਦਿੱਤੀ ਹੈ। ਉਨ੍ਹਾਂ ਲਈ ਬਾਹਰ ਦੀ ਕੁਦਰਤ ਅਤੇ ਅੰਦਰ ਦੀ ਫ਼ਿਤਰਤ ਵਿਚ ਏਕਤਾ ਹੋ ਜਾਂਦੀ ਹੈ। ਉਨ੍ਹਾਂ ਦੀ ਪਿਆਸ ਬੁਝ ਜਾਂਦੀ ਹੈ, ਠੰਡ ਪੈ ਜਾਂਦੀ ਹੈ, ਅੱਖਾਂ ਨਾਲ ਉਹ ਬਾਹਰ ਵਿਸਮਾਦ ਦੇਖਦੇ ਹਨ, ਸੁਰਤਿ ਨਾਲ ਉਹ ਅੰਦਰ ਅਨਹਦ ਸੁਣਦੇ ਹਨ :

ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥ ੨ ॥

(ਸਾਰਗ ਮਹਲਾ ੫-੬੯, ਸਫ਼ਾ ੧੨੧੮)

ਬਾਹਰ ਦਾ ਬਿਸਮਾਦ ਹੀ ਅੰਦਰ ਅਨਹਦ ਦੀ ਧੁਨ ਦੀ ਗੂੰਜ ਦੇਂਦਾ ਹੈ :

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ।
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ।...॥ ੪ ॥

(ਸੂਹੀ ਮਹਲਾ ੧-੩, ਸਫ਼ਾ ੭੬੫)

ਸੁਰਤਿ ਵਾਲਿਆਂ ਲਈ ਕੁਦਰਤ ਵਿਚ ਉਹ ਸਾਹਿਬ ਦਿਸ ਪੈਂਦਾ ਹੈ, ਜੋ ਲੁਕਿਆ ਹੋਇਆ ਇਸ ਦਾ ਕਾਦਰ ਹੈ। ਅੰਦਰਵਾਰ ਹਰ ਹਿਰਦੇ ਵਿਚ ਉਸੇ ਦੀ ਸ਼ਬਦ ਰੂਪੀ ਗੂੰਜ ਸੁਣੀਂਦੀ ਹੈ :

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ।

ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੇਵਾ ।...॥ ੧ ॥

(ਵਡ. (ਅਲਾਹ.) ਮਹਲਾ ੧-੪, ਸਫ਼ਾ ੫੮੧)

ਇਹ ਗੱਲ ਪ੍ਰਸੰਗ ਅਨੁਕੂਲ ਹੋਵੇਗੀ ਜੇ ਮੈਂ ਦੱਸਾਂ ਕਿ ਵਿਲੀਅਮ ਬਲੇਕ (W. Blake, A.D. 1757-1827) ਨੇ ਕਿਹਾ ਸੀ :

Think of a white cloud as being holy, you can not love it, but think of a holy man within the cloud, love springs within your thought ; for to think of holiness as distinct from man is impossible to the affections ; thought alone can make monsters but the affections cannot. (Blake)

ਕੁਦਰਤ ਦਾ ਰਸ ਲੈਣ ਲਈ ਅੰਦਰ ਪ੍ਰੇਮ ਚਾਹੀਦਾ ਹੈ । ਭਗਤ ਕਬੀਰ ਜੀ ਨੇ ਕਿਹਾ ਸੀ :

ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ।
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥ ੨ ॥

(ਗਉੜੀ ਗੁਆ. (ਅਸਟ.) ਕਬੀਰ-੪੩, ਸਫ਼ਾ ੩੪੨)

ਭਾਵ ਇਹ ਹੈ ਕਿ ਹਨੇਰੀ ਪਿਛੋਂ ਮੀਂਹ ਵਸਿਆ (ਸੰਕਲਪ ਵਿਕਲਪਾਂ ਦੇ ਵੇਗ ਪਿਛੋਂ ਪ੍ਰੇਮ ਜਲ ਦੀ ਬਰਖਾ ਹੋਈ) ਤੇਰਾ ਜਨ ਰਸ ਨਾਲ ਭਿਜ ਗਿਆ । ਫੇਰ ਜਿਸ ਵੇਲੇ ਸੂਰਜ ਚੜ੍ਹਿਆ ਤਾਂ ਮਨ ਵਿਚ ਐਸਾ ਪ੍ਰਕਾਸ਼ ਹੋਇਆ ਮਾਨੋ ਤੂੰ ਸਾਮ੍ਰਤਖ ਦਰਸ਼ਨ ਦੇ ਰਿਹਾ ਹੈਂ । ਕਬੀਰ ਜੀ ਦੀ ਇਸ ਸਮਝ ਨਾਲ ਮਿਲਦਾ ਜੁਲਦਾ ਖ਼ਿਆਲ ਰੂਸੋ ਦਾ ਹੈ । ਇਸ ਦੇ ਚਿੰਤਨ ਵਿਚ ਵੀ ਉਹ ਸ਼ਕਤੀ ਕੰਮ ਕਰ ਰਹੀ ਸੀ ਜਿਸ ਦੇ ਮਸਾਲੇ ਤੋਂ ਸੁਰਤਿ ਘੜੀ ਜਾਂਦੀ ਹੈ । ਰੂਸੋ (Rousseau A.D. 1712-78) ਨੇ ਕਿਹਾ ਸੀ :

Sometimes in the privacy of my study, with my hands pressed tight over my eyes or in the darkness of the night, I am of the opinion that there is no God. But look yonder : the rising of the Sun, as it scatters the mists that cover the earth and lays bare the wonderous glittering scene of nature, disperses at the same moment all clouds from my soal. I find my faith again, and my God and mybelief in Him. I admire and adore Him and

I prostrate myself in His presence. (Rousseau)

ਇਥੋਂ ਸਪੱਸ਼ਟ ਹੋ ਜਾਵੇਗਾ ਕਿ ਫ਼ਰਕ ਕਿਥੇ ਹੈ। ਇਕ ਪਾਸੇ ਤਾਂ ਹਠਯੋਗ ਦੀ ਸਾਧਨਾ ਜੋ ਕੁਦਰਤ ਵਲੋਂ ਮੂੰਹ ਮੋੜਦੀ ਹੈ, ਦੂਜੇ ਪਾਸੇ ਸੁਰਤਿ ਵਾਲੀ ਜੁਗਤ ਹੈ ਜੋ ਬਾਹਰ ਅੰਦਰ ਦੀ ਕੁਦਰਤ ਦੀ ਇਕੋ ਜਿਹੀ ਵਿਸਮਾਦਤਾ ਦੀ ਅਭੇਦਤਾ ਦੇ ਰੰਗ ਵਿਚ ਰੰਗੀ ਹੋਈ ਕਾਰਜ ਸਾਧਕ ਜੀਵਨ ਬਸਰ ਕਰਦੀ ਹੈ।

## III

ਹਿੰਦੂ ਸ਼ਾਸਤਰਾਂ ਵਿਚ ਇਸ ਗੱਲ ਉਤੇ ਬੜੀ ਚਰਚਾ ਹੈ ਕਿ ਕਿਸ ਗੱਲ ਨੂੰ ਪ੍ਰਮਾਣ ਮੰਨਣਾ ਹੈ। ਪ੍ਰਮਾਣ ਤੋਂ ਮਤਲਬ 'ਸਬੂਤ' ਹੈ। ਭਾਵ ਇਹ ਹੈ ਕਿ ਕੋਈ ਐਸੀ ਗੱਲ ਜਿਸ ਤੋਂ ਕੋਈ ਦੂਸਰੀ ਗੱਲ ਸਿੱਧ ਕੀਤੀ ਜਾ ਸਕੇ। ਮੁੱਖ ਰੂਪ ਵਿਚ ਚਾਰ ਪ੍ਰਮਾਣ ਮੰਨੇ ਹਨ : ਇਨ੍ਹਾਂ ਵਿਚੋਂ ਤਿੰਨ ਤਾਂ ਇਹ ਹਨ, ਪ੍ਰਤੱਖ, ਅਨੁਮਾਨ ਅਤੇ ਸ਼ਬਦ। 'ਪ੍ਰਤੱਖ' ਤੋਂ ਮਤਲਬ ਉਸ ਚੀਜ਼ ਤੋਂ ਹੈ ਜੋ ਸਾਮਰਤੱਖ ਅੱਖਾਂ ਦੇ ਸਾਮ੍ਹਣੇ ਹੋਵੇ, ਜਾਂ ਜਿਸ ਦਾ ਗਿਆਨ ਇੰਦ੍ਰੀਆਂ ਦੁਆਰਾ ਹੋ ਸਕੇ। 'ਅਨੁਮਾਨ' (inference) ਤੋਂ ਮੁਰਾਦ ਇਹ ਹੈ ਕਿ ਕਿਸੇ ਪਰਤੱਖ ਦਿਸਦੀ ਚੀਜ਼ ਤੋਂ ਅਣਦਿਸਦੀ ਵਸਤੂ ਦਾ ਗਿਆਨ, (ਦਿਸਦੇ ਧੂੰਏਂ ਤੋਂ ਅਗਨੀ ਦੀ ਹੋਂਦ ਦਾ ਅਨੁਮਾਨ)। 'ਸ਼ਬਦ' ਤੋਂ ਮੁਰਾਦ ਰਿਸ਼ੀਆਂ ਮੁਨੀਆਂ ਦੇ ਬਚਨ ਅਤੇ ਮੁੱਖ ਤੌਰ ਤੇ ਵੇਦ ਵਾਕ ਹਨ। ਚੌਥੇ ਪ੍ਰਮਾਣ ਦਾ ਨਾਮ ਉਪਮਾਨ ਹੈ। ਉਪਮਾਨ ਤੋਂ ਭਾਵ ਹੈ ਕਿ ਕਿਸੇ ਇਕ ਜਾਣੀ ਹੋਈ ਚੀਜ਼ ਦੀ ਦੂਜੀ ਅਣਜਾਣੀ ਵਸਤੂ ਨਾਲ ਤੁਲਨਾ ਕਰਕੇ ਉਸ ਦੀ ਜਾਣਕਾਰੀ ਦਾ ਅੰਦਾਜ਼ਾ ਲਗਾਉਣਾ। ਇਸ ਤਰ੍ਹਾਂ ਕਿਸੇ ਪਰਸਿੱਧ ਵਸਤੂ ਦੀ ਕਿਸੇ ਨਾ ਪਛਾਣੀ ਚੀਜ਼ ਨਾਲ ਸਮਾਨਤਾ ਦਿਖਾ ਕੇ ਨਿਸ਼ਚੇ ਉਤੇ ਪਹੁੰਚਣਾ।

ਚਾਰ ਵਾਕ ਮਤ ਵਾਲੇ ਕੇਵਲ ਪ੍ਰਤੱਖ ਨੂੰ ਹੀ ਪਰਮਾਣ ਮੰਨਦੇ ਹਨ, ਹੋਰਨਾ ਨੂੰ ਨਹੀਂ। ਉਨ੍ਹਾਂ ਦਾ ਕਥਨ ਹੈ :

**प्रत्यक्षमेव प्रमाणम्**

ਬੁੱਧ ਮੱਤ ਵਾਲੇ ਕੇਵਲ ਦੋ ਹੀ ਪ੍ਰਮਾਣ ਮੰਨਦੇ ਹਨ, ਪਰਤੱਖ ਅਤੇ ਅਨੁਮਾਨ। ਸਾਂਖ ਦਰਸ਼ਨ ਵਿਚ ਤਿੰਨ ਪ੍ਰਮਾਣ ਹਨ; ਪਰਤੱਖ, ਅਨੁਮਾਨ ਅਤੇ ਸ਼ਬਦ। 'ਉਪਮਾਨ' ਇਸ ਗਿਣਤੀ ਤੋਂ ਬਾਹਰ ਹੈ। ਨਯਾਯ ਵਿਚ ਚਾਰੇ ਪ੍ਰਮਾਣ ਮੰਨੇ ਜਾਂਦੇ ਹਨ। ਮੀਮਾਂਸਾ ਦੀ ਗਿਣਤੀ ਚਾਰ ਤੋਂ ਵੀ ਉਪਰ ਹੋ ਜਾਂਦੀ ਹੈ।

ਇਸ ਤਰ੍ਹਾਂ ਪ੍ਰਮਾਣਾਂ ਦੇ ਪ੍ਰਹਿਸਾਬ ਅਤੇ ਉਨ੍ਹਾਂ ਦੀ ਵਰਤੋਂ ਵਿਚ ਭੇਦ ਹੋ

ਜਾਂਦਾ ਹੈ । ਫ਼ਰਕ ਇਸ ਗੱਲ ਵਿਚ ਵੀ ਆ ਜਾਂਦਾ ਹੈ ਕਿ ਕਿਸ ਖ਼ਾਸ ਪ੍ਰਮਾਣ ਉਤੇ ਉਚੇਚਾ ਜ਼ੋਰ ਪਾਉਣਾ ਹੈ । ਦੋ ਸ਼ਾਸਤਰ ਐਸੇ ਹਨ ਜਿਨ੍ਹਾਂ ਨੇ ਵੇਦ ਨੂੰ ਸਭ ਤੋਂ ਵੱਡਾ ਪ੍ਰਮਾਣ ਮੰਨਿਆ ਹੈ । ਇਹ ਹਨ 'ਵੇਦਾਂਤ' ਅਤੇ 'ਮੀਮਾਂਸਾ' ।

ਵੇਦ ਦੀ ਪਰਤਿਸ਼ਟਾ ਨੂੰ ਵਧਾਉਣ ਉਪਰ ਹੀ ਸਾਰਾ ਜ਼ੋਰ ਇਨ੍ਹਾਂ ਦੋ ਸ਼ਾਸਤਰਾਂ ਦਾ ਹੈ । ਇਸੇ ਗੱਲ ਨੂੰ ਮੁੱਖ ਰਖ ਕੇ ਮੰਨੂ ਨੇ ਕਿਹਾ ਸੀ ਕਿ ਜੋ ਵੇਦ ਨੂੰ ਨਹੀਂ ਮੰਨਦਾ ਉਹ ਨਾਸਤਕ ਹੈ, ਹਾਲਾਂਕਿ ਪਾਣਿਨੀ ਵਰਗੇ ਰਿਸ਼ੀ ਨੇ, ਜਿਸ ਨੇ ਵਯਾਕਰਣ ਰਚਿਆ, ਆਖਿਆ ਸੀ ਕਿ ਜੋ ਪਰਲੋਕ ਨੂੰ ਨਹੀਂ ਮੰਨਦਾ ਉਹ ਨਾਸਤਕ ਹੈ । ਬੋਧੀ ਅਤੇ ਜੈਨੀ ਪਰਲੋਕ ਨੂੰ ਮੰਨਦੇ ਸਨ ਪਰ ਵੇਦਾਂ ਨੂੰ ਨਹੀਂ ਮੰਨਦੇ ਸਨ ਇਸ ਕਰਕੇ ਵੇਦ ਰਖਿਆ ਖਾਤਰ ਨਾਸਤਕ ਦਾ ਲੱਛਣ ਬਦਲਣਾ ਪਿਆ । ਪਰ ਹਰ ਜ਼ਮਾਨੇ ਵਿਚ ਵੇਦਾਂ ਦੀ ਪਰਸਥਿੱਤੀ ਬਦਲਦੀ ਰਹੀ । ਮਧਲੇ ਯੁੱਗ ਦੇ ਭਗਤੀ ਅੰਦੋਲਨ ਵੇਲੇ ਵੇਦਾਂ ਦੀ ਪਰਤਿਸ਼ਟਾ ਵਿਚ ਬਹੁਤ ਫ਼ਰਕ ਆ ਗਿਆ ਸੀ । ਖ਼ਾਸ ਖ਼ਾਸ ਮੱਤਾਂ ਅਤੇ ਸੰਸਥਾਵਾਂ ਨੂੰ ਛਡ ਕੇ ਭਗਤਾਂ ਵਿਚ ਵੇਦਾਂ ਦੀ ਪਰਵਾਹ ਘੱਟ ਗਈ ਸੀ । ਭਗਤ ਨਾਮਦੇਵ ਜੀ ਦਾ ਗਾਇਤਰੀ ਸੰਬੰਧੀ ਵਿਅੰਗ (satire) ਇਸ ਵਿਸ਼ਯ ਪ੍ਰਸੰਗ ਵਿਚ ਅਰਥ ਭਰਪੂਰ ਹੈ :

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ।
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥ ੧ ॥

(ਗੋਂਡ ਨਾਮਦੇਉ—੩, ਸਫ਼ਾ ੮੭੪-੭੫)

ਭਗਤ ਲਈ ਸਭ ਤੋਂ ਵੱਡਾ ਪ੍ਰਮਾਣ ਹੋਰ ਸੀ । ਉਹ ਪਰਤੱਖ ਨਹੀਂ ਸੀ, ਨਾ ਉਹ ਅਨੁਮਾਨ ਸੀ, ਨਾ ਉਹ ਵੇਦ ਸੀ । ਉਹ ਸਿਰਫ ਇਕ ਚੀਜ਼ ਸੀ, ਉਹ ਸੀ, ਗੁਰੂ ਦਾ ਬਚਨ । ਸਤਿਗੁਰੂ ਦਾ ਬਚਨ ਆਖਰੀ ਪ੍ਰਮਾਣ ਸੀ । ਸਤਿਗੁਰੂ ਦਾ ਉਪਦੇਸ਼ ਇਕ ਅਕਟ ਸਬੂਤ ਸੀ । ਇਸ ਨਾਲ ਸਾਰੇ ਸੰਸੇ ਨਵਿਰਤ ਹੋ ਜਾਂਦੇ ਸਨ । ਸਤਿਗੁਰੂ ਤੋਂ ਹੀ ਗਿਆਨ ਉਪਜਦਾ ਸੀ, ਹੋਰ ਕਿਸੇ ਵੇਦ ਸ਼ਾਸਤਰ ਤੋਂ ਸ਼ੰਸਾ ਨਵਿਰਤ ਨਹੀਂ ਸੀ ਹੋ ਸਕਦਾ :

ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ।
ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥ ੨ ॥

(ਮਲਾਰ (ਅਸਟ). ਮਹਲਾ ੩-੧, ਸਫ਼ਾ ੧੨੭੬)

ਗੁਰਬਾਣੀ ਵਿਚ ਹੀ ਉਹ ਸਾਰੀ ਵਿਦਿਆ ਆ ਜਾਂਦੀ ਸੀ ਜਿਸ ਨੂੰ ਤੱਤ ਬੋਧ ਕਿਹਾ ਹੈ । ਇਹ ਵੀ ਮੰਨਿਆ ਜਾਂਦਾ ਸੀ ਕਿ ਗੁਰੂਆਂ ਨੂੰ ਐਸੀ ਬਾਣੀ ਆਪਣੀ

77064
15/10/91

ਧਿਆਨ ਸਮਾਧੀ ਵਿਚ ਪ੍ਰਗਟ ਹੁੰਦੀ ਹੈ। ਪਰ ਗੁਰਬਾਣੀ ਵਿਚੋਂ ਵੀ ਵਿਦਿਆ ਦੀ ਸੂਝ ਲੈਣ ਲਈ ਇਹ ਜ਼ਰੂਰੀ ਸੀ ਕਿ ਇਸ ਨੂੰ 'ਸੁਰਤਿ' ਦੁਆਰਾ ਗ੍ਰਹਿਣ ਕੀਤਾ ਜਾਵੇ, ਕੇਵਲ ਅਕਲ ਨਾਲ ਨਹੀਂ। ਉਹ ਵੱਡੇ ਭਾਗਾਂ ਵਾਲੇ ਅਤੇ ਕਰਮਾਂ ਵਾਲੇ ਹਨ ਜੋ ਇਸ ਦੀ ਸੁਰਤਿ ਕਮਾਈ ਕਰਦੇ ਹਨ : ਮ: ॥...੨ ॥

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ।
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ ।...॥ ੧ ॥

(ਸਾਰੰਗ (ਵਾਰ) ਮਹਲਾ ੪-੧੬, ਸਫ਼ਾ ੧੨੪੩)

ਗੁਰੂ ਆਪਣੇ ਸ਼ਬਦ ਨਾਲ ਇਕ ਰੂਪ ਸੀ। ਗੁਰੂ ਦਾ ਉਪਦੇਸ਼ ਹੀ ਗੁਰੂ ਸੀ। ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਸਤਿਗੁਰੂ ਪਾਰਬ੍ਰਹਮ ਹੈ (ਨਿਰਗੁਣ ਬ੍ਰਹਮ), ਸਤਿਗੁਰੂ ਹੀ ਪੂਰਨ ਬ੍ਰਹਮ ਹੈ (ਸਰਗੁਣ ਬ੍ਰਹਮ), ਅਤੇ ਜੋ ਉਸ ਦੇ ਸ਼ਬਦ ਵਿਚ ਸੁਰਤਿ ਜੋੜਦਾ ਹੈ ਉਹ ਹੀ 'ਗੁਰ ਚੇਲਾ' (ਵੱਡਾ ਚੇਲਾ) ਹੈ :

ਪਾਰਬ੍ਰਹਮ ਪੂਰਨ ਬ੍ਰਹਮ ਸ਼ਬਦ ਸੁਰਤ ਸਤਿਗੁਰ ਗੁਰ ਚੇਲਾ।

(ਵਾਰਾਂ ਭਾਈ ਗੁਰਦਾਸ,xii-੧੬)

ਸ਼ਬਦ ਅਤੇ ਸੁਰਤਿ ਵਿਚ ਜੋ ਸੰਬੰਧ ਹੈ, ਉਹ ਸ਼ਖ਼ਸੀ (personal) ਰਿਸ਼ਤਾ ਹੈ। ਉਹ ਐਸਾ ਹੈ ਜੈਸਾ ਕਿ ਦੋ ਹਸਤੀਆਂ ਵਿਚ ਨੇਹੁ ਹੁੰਦਾ ਹੈ। ਸ਼ਬਦ ਵਿਚ ਸ਼ਖ਼ਸੀਅਤ ਹੈ, ਆਪਣਾ ਨਿਜੀਪਨ ਹੈ, ਆਪਣੀ ਖੁਦੀ ਹੈ। ਉਹ ਗੁਰੂ ਦਾ ਰੂਪ ਹੈ, ਉਹ ਗੁਰੂ ਹੈ। ਸੁਰਤਿ ਜੀਵ ਰੂਪ ਹੈ, ਉਹ ਜੀਵ ਹੈ। ਦੋਹਾਂ ਦਾ ਸਨੇਹ ਸੰਬੰਧ ਹੈ। ਇਸ ਸ਼ਖ਼ਸੀ ਪੱਧਰ ਉਪਰ ਇਹ ਨਿੱਜੀ ਰਿਸ਼ਤੇਦਾਰੀ ਹੈ। ਇਹੋ ਜਾਤ ਪ੍ਰੇਮ 'ਸ਼ਬਦ ਸੁਰਤਿ' ਸੰਜੋਗ ਹੈ। ਗੁਰਵਾਕ ਹੈ :

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥
ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥ ੨ ॥

(ਚਉਬੋਲੇ ਮਹਲਾ ੫, ਸਫ਼ਾ ੧੩੬੩-੬੪

ਸ਼ਬਦ ਸਥਾਨਾਪਤਿ ਹੈ ਗੁਰੂ ਦਾ, ਸੁਰਤਿ ਪ੍ਰਤਿਨਿਧ ਹੈ ਜੀਵ ਦੀ। ਰਿਸ਼ ਪ੍ਰੇਮ ਦੀ ਤਾਰ ਦਾ ਹੈ ਜੋ ਲਿਵ ਹੈ। ਇਹ ਪਿਆਰ ਨਿਤ ਵੱਧਦਾ ਹੈ, ਹਮੇਸ਼ਾ ਨ ਹੈ, ਇਹ ਨੇਹ ਨਵੇਲਾ ਹੈ :

ਗੁਰਮੁਖ ਸੁਖ ਫਲ ਪ੍ਰੇਮ ਰਸ ਹੋਇ ਗੁਰੁ ਸਿਖ ਮੇਲਾ।
ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ।

(ਵਾਰਾਂ ਭਾਈ ਗੁਰਦਾਸ, xiii, ੧

ਨਿਰਜਿੰਦ ਸਬਕ ਨਹੀਂ ਸੀ । ਇਹ ਇਕ ਸਾਜਿੰਦ ਤੱਤ ਦਾ ਪ੍ਰਾਣਾਂ ਵਿਚ ਪ੍ਰਵੇਸ਼ ਸੀ :

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥ ੧ ॥

(ਬਿਲਾ. ਮਹਲਾ ੧-੨, ਸਫ਼ਾ ੭੯੫)

ਇਹ ਸ਼ਬਦ ਅਤੇ ਸੁਰਤਿ, ਦੋ ਜੀਉਂਦੀਆਂ ਚੀਜ਼ਾਂ ਦਾ ਮਿਲਾਪ ਸੀ, ਜਿਸ ਵਿਚੋਂ ਸਿਖਿਆ ਦੀ ਰਹੁ ਰੀਤ ਚਲਦੀ ਹੈ । ਬਸ, ਸਿੱਖੀ ਦਾ ਇਹੋ ਸਬਕ ਸੀ :

ਗੁਰ ਸਿੱਖੀ ਦਾ ਸਿੱਖਣਾ ਸ਼ਬਦ ਸੁਰਤ ਸਤਿ ਸੰਗਤ ਸਿੱਖੈ ।

(ਵਾਰਾਂ ਭਾਈ ਗੁਰਦਾਸ, xxviii, ੫)

ਇਸ ਵਿਚ ਕਿਸੇ ਹੋਰ ਸੰਸਕਾਰ ਵਿਧੀ ਜਾਂ ਕਿਰਿਆ ਕਾਰਜ ਦੀ ਲੋੜ ਨਹੀਂ ਸੀ, ਬਸ ਇਕ ਗੁਰੂ ਦਾ ਫ਼ਰਮਾਣ ਕਾਫ਼ੀ ਸੀ :

ਗੁਰ ਸਿੱਖੀ ਦਾ ਕਰਮ ਏਹ ਗੁਰ ਫੁਰਮਾਏ ਗੁਰਸਿਖ ਕਰਣਾ ।

(ਵਾਰਾਂ ਭਾਈ ਗੁਰਦਾਸ, xxviii, ੧੦)

ਸਿੱਖੀ ਵਿਚ ਮੂਰਤੀ ਪੂਜਾ ਨਹੀਂ, ਨਾ ਹੀ ਅਵਤਾਰਵਾਦ ਦੀ ਵਿਸ਼ੇਸ਼ਤਾ ਹੈ, ਨਾ ਹੀ ਯਗ ਅਗਨੀ ਦੀ ਆਤਸ਼ ਪ੍ਰਸਤੀ ਹੈ । ਨਾ ਹੀ ਚਿੰਨ੍ਹਾਂ ਲਈ (ਜੈਸੇ ਸਾਲਿਗਰਾਮ, ਸ਼ਿਵਲਿੰਗ ਆਦਿ ਲਈ) ਕੋਈ ਆਦਰ ਭਾਵ ਹੈ । ਨਾ ਹੀ ਪਸ਼ੂ ਪੰਛੀਆਂ ਲਈ (ਬੈਲ, ਗਰੁੜ, ਨਾਗ ਆਦਿਕ ਲਈ) ਕੋਈ ਸ਼ਰਧਾ ਭਾਵ ਹੈ । ਨਾ ਹੀ ਦਰਖਤਾਂ, ਦਰਿਆਵਾਂ ਲਈ ਮਨੌਤ ਹੈ । ਸਿੱਖੀ ਵਿਚ ਵੇਦ ਪ੍ਰਮਾਣ ਪੁਸਤਕ ਵੀ ਨਹੀਂ । ਇਨ੍ਹਾਂ ਸਾਰੀਆਂ ਵਸਤਾਂ ਨੂੰ ਅਲੱਗ ਕਰ ਕੇ ਇਨ੍ਹਾਂ ਦੀ ਸਥਾਨ ਪੂਰਤੀ ਕੀਤੀ ਹੈ । ਇਨ੍ਹਾਂ ਦੇ ਬਦਲੇ ਗੁਰੂ ਹੈ ; ਗੁਰੂ ਦਾ ਉਪਦੇਸ਼ ਹੈ, ਗੁਰੂ ਦਾ ਸ਼ਬਦ ਹੈ, ਗੁਰੂ ਦੀ ਬਾਣੀ ਹੈ, ਗੁਰੂ ਦਾ ਬਚਨ ਅਤੇ ਗੁਰੂ ਇਕੋ ਰੂਪ ਹਨ :

ਸਤਿਗੁਰ ਬਚਨ ਬਚਨ ਹੈ ਸਤਿਗੁਰ...॥...॥ ੫ ॥

(ਕਾਨੜਾ (ਅਸਟ.) ਮਹਲਾ ੪-੧, ਸਫ਼ਾ ੧੩੦੯)

ਗੁਰੂ ਦੀ ਬਾਣੀ ਨਿਰੀ ਛੰਦ ਰਚਨਾ ਦਾ ਕਾਵਯ ਸੰਗ੍ਰਹਿ ਨਹੀਂ । ਗੁਰੂ ਦਾ ਵਾਕ ਇਕ ਸੁਤੰਤਰ ਅਧਿਕਾਰ ਵਿਚ ਸਖ਼ਸ਼ੀਅਤ ਧਾਰ ਲੈਂਦਾ ਹੈ । ਇਹ ਪੁਰਖ ਬਣ ਜਾਂਦਾ ਹੈ, ਪੁਰਖੋਤਮ ਹੋ ਜਾਂਦਾ ਹੈ, ਇਹ ਆਪਣੇ ਸਤ ਸਰੂਪ ਵਿਚ ਅਕਾਲ ਪੁਰਖ ਨਾਲ ਅਭੇਦ ਵਰਤਦਾ ਹੈ :

ਸਤਿਗੁਰ ਬਾਣੀ ਪੁਰਖੁ ਪੁਰਖੋਤਮ...।...॥ ੨ ॥

(ਕਾਨੜਾ (ਅਸਟ.) ਮਹਲਾ ੪-੧, ਸਫ਼ਾ ੧੩੦੯)

ਪੁਨਾ :

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ...॥... ॥ ੯ ॥

(ਗਉੜੀ (ਵਾਰ) ਮਹਲਾ ੪, ਸਫ਼ਾ ੩੦੪)

ਭਗਤੀ ਭਾਵ ਦੀ ਦ੍ਰਿੜਤਾ ਵਿਚ ਗੁਰੂ, ਗੁਰਬਾਣੀ, ਪੁਰਖ, ਅਕਾਲ ਪੁਰਖ ਇਕਮਿਕ ਹੋ ਜਾਂਦੇ ਹਨ। ਸਾਧਨ ਪੱਖ ਵਿਚ 'ਸ਼ਬਦ' ਇਨ੍ਹਾਂ ਸਾਰਿਆਂ ਦਾ ਇਕ ਸਥਾਨਾਪਤਿ ਬਣ ਜਾਂਦਾ ਹੈ। ਸ਼ਬਦ ਇਕ ਅਨੁਭਵ ਗੋਚਰ ਚੀਜ਼ ਹੈ। ਇਸ ਦਾ ਪੂਰਾ ਜਾਇਜ਼ਾ ਜਿਹੜੀ ਅੰਦਰ ਬਿਰਤੀ ਲੈ ਸਕਦੀ ਹੈ ਉਹ 'ਸੁਰਤਿ' ਹੈ। ਸੁਰਤਿ ਮਹਿਸੂਸ ਕਰਦੀ ਹੈ ਸ਼ਬਦ ਦੀ ਹਸਤੀ ਨੂੰ, ਸ਼ਬਦ ਦੇ ਸਰਗੁਣ ਵਜੂਦ ਨੂੰ, ਸ਼ਬਦ ਦੀ ਅਨਹਦ ਵਿਆਪਕਤਾ ਨੂੰ, ਸ਼ਬਦ ਦੀ ਨਿਰੰਕਾਰਤਾ ਨੂੰ, ਸ਼ਬਦ ਦੀ ਅਸ਼ਬਦਤਾ ਨੂੰ ਸ਼ਬਦ ਦੇ ਮਾਰਗ ਵਿਚ ਪੂਜਾ ਦੀ ਰੀਤੀ ਨਹੀਂ, ਕਰਮਕਾਂਡੀ ਅਡੰਬਰ ਦੀ ਲੋੜ ਨਹੀਂ। ਸ਼ਬਦ ਦੇ ਮਾਰਗ ਵਿਚ ਰਸਮੀ ਸਜਾਵਟਾਂ ਦੀ ਹਾਜਤਮੰਦੀ ਨਹੀਂ। ਸ਼ਬਦ ਦੇ ਮਾਰਗ ਵਿਚ ਇਕ ਅੰਤਰ ਦ੍ਰਿਸ਼ਟੀ ਦੀ ਲੋੜ ਹੈ, ਇਕ ਐਸੀ ਨਜ਼ਰ ਦੀ ਜਿਸ ਦੁਆਰਾ ਤਿੰਨ ਤੱਤ ਇਕ ਮੂਰਤ ਹੋ ਜਾਂਦੇ ਹਨ, ਸਰਗੁਣ ਨਿਰਗੁਣ ਅਤੇ ਗੁਰ ਸ਼ਬਦ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ :

ਤੀਨ ਰੂਪ ਹੈ ਮੋਰ ਕੇ ਸੁਣੋ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰੁ ਸ਼ਬਦ ਕਹੋਂ ਤੋਹਿ ਸਮਝਾਇ।

(ਪ੍ਰਸ਼ਨ ਉਤਰ ਭਾਈ ਨੰਦ ਲਾਲ)

ਸੁਰਤਿ, 'ਗੁਰ ਸ਼ਬਦ' ਦਾ ਅਹਿਸਾਸ ਲੈਂਦੀ ਹੈ, ਉਸੇ ਵਿਚ ਤ੍ਰਿਮੂਰਤੀ ਸਮਾਈ ਹੋਈ ਹੈ। ਸ਼ਬਦ ਦਾ ਮਾਰਗ ਕੋਮਲ ਹੁਨਰ ਦਾ ਮਾਰਗ ਹੈ। ਇਹ ਰਸੀਆਂ ਦਾ ਰਾਹ ਹੈ। ਕੋਮਲ ਹੁਨਰਾਂ ਦੀ ਸੂਚੀ ਵਿਚ ਇਹ ਚੀਜ਼ਾਂ ਸ਼ਾਮਲ ਹੋ ਜਾਂਦੀਆਂ ਹਨ : ਸ਼ਿਲਪਕਲਾ (architecture), ਮੂਰਤੀ ਕਲਾ (sculpture) ਚਿਤਰ ਕਲਾ (painting) ਆਦਿਕ। ਪਰ ਇਨ੍ਹਾਂ ਸਾਰਿਆਂ ਦਾ ਆਧਾਰ ਮੰਦਿਰਾਂ ਦੀਆਂ ਉਸਾਰੀਆਂ, ਅਵਤਾਰਾਂ ਦੀਆਂ ਬੁਤ ਤਰਾਸ਼ੀਆਂ, ਅਤੇ ਦੇਵਤਿਆਂ ਦੀ ਪ੍ਰਤਿਮਾਂ ਨਕਾਸ਼ੀਆਂ ਹਨ, ਇਹ ਸਥੂਲ ਪਦਾਰਥ ਹਨ। ਸੁਰਤਿ ਵਾਲਿਆਂ ਦਾ ਪੰਥ ਇਨ੍ਹਾਂ ਤੋਂ ਹਾਸ਼ੀਏ ਦੀ ਵਿੱਥ ਉਤੇ ਚਲਦਾ ਹੈ। ਉਹ ਸਥੂਲ ਪਦਾਰਥਾਂ ਦੀ ਬਜਾਏ ਸੂਖਮ ਹੁਨਰ ਨੂੰ ਅਪਣਾਉਂਦਾ ਹੈ। ਐਸਾ ਹੁਨਰ ਰਾਗ ਹੈ। ਇਸ ਵਿਚ ਠੋਸ ਪਦਾਰਥ ਕੋਈ ਨਹੀਂ, ਕੇਵਲ ਅਮੂਰਤ ਭਾਵਨਾ (abstract art) ਹੈ। ਰਾਗ ਵਿਚ ਕੋਈ ਸ਼ਕਲ ਸੂਰਤ ਨਹੀਂ। ਪਰ ਇਸ ਦਾ ਅਸਰ ਗਹਿਰਾ ਹੈ ਇਸ ਦੀ ਚੋਟ ਡੂੰਘੀ ਹੈ। ਜੋ ਹਕ਼ੀਕਤ ਇਸ ਵਿਚ ਛੁਪੀ ਹੋਈ ਹੈ ਉਹ ਅੰਦਰ ਤਕ

ਧੱਸ ਜਾਂਦੀ ਹੈ : Music and rhythm find their way into the secret places of the soul. (Plato, *Republic, iii, p. 4ol*)
ਇਸੇ ਲਈ ਬਚਨ ਹੈ :

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ ।
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥...॥੨੪॥

(ਸਲੋਕ ਮਹਲਾ ੪. ਸਫ਼ਾ ੧੪੨੩)

ਰਾਗ ਵਿਚ ਲੀਣ ਹੋਣਾ, ਇਸੇ ਨੂੰ ਸ਼ਬਦ ਕਮਾਈ ਕਿਹਾ ਹੈ । ਇਹ ਵੀ ਇਕ ਵਸੀਲਾ ਹੈ ਮੁਕਤੀ ਦਾ । ਉਹ ਪਰਮਾਤਮਾ ਜੋ ਨਿਰਾਕਾਰ ਹੈ, ਉਸ ਦੀ ਪ੍ਰਾਪਤੀ ਦਾ ਸਾਧਨ ਵੀ ਰੂਪ ਰੰਗ ਤੋਂ ਨਿਆਰਾ ਹੋਣਾ ਚਾਹੀਦਾ ਹੈ ।
ਗੁਰ ਵਾਕ ਹੈ :

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ।
ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥...॥ ੧੨ ॥

(ਮਾਰੂ (ਸੋਲਹੇ) ਮਹਲਾ ੩-੧੬, ੧੦੬੦)

ਸ਼ਬਦ ਸੁਰਤਿ ਦਾ ਤਰੀਕਾ ਹੁਨਰ (art) ਦਾ ਤਰੀਕਾ ਹੈ । ਫ਼ਰਕ ਇਕ ਗੱਲ ਦਾ ਰਹਿ ਜਾਂਦਾ ਹੈ । ਹੁਨਰਮੰਦ ਆਦਮੀ (artist) ਆਪਣੇ ਹੁਨਰ ਵਿਚ ਆਪਣੇ ਆਪੇ ਦਾ ਪ੍ਰਗਟਾਉ ਕਰਦਾ ਹੈ । ਸ਼ਬਦ ਦੀ ਕਮਾਈ ਵਿਚ ਇਹ ਗੱਲ ਨਹੀਂ । ਸ਼ਬਦ ਦੀ ਕਮਾਈ ਵਿਚ ਆਪਣੇ 'ਆਪ' ਦਾ ਇਨਕਾਰ ਹੈ, ਆਪਣੇ 'ਆਪ' ਨੂੰ ਮਨਫ਼ੀ (negate) ਕਰਨਾ ਹੈ । ਸ਼ਬਦ ਦੇ ਵਿਚ ਹੀ ਆਪਣੇ ਆਪ ਨੂੰ ਡੋਬ ਦੇਣਾ ਹੈ । ਉਸ ਵਿਚ ਜਜ਼ਬ ਹੋ ਜਾਣਾ ਹੈ, ਉਸ ਵਿਚ ਮਰ ਜਾਣਾ ਹੈ । ਪ੍ਰਾਪਤੀ ਸਾਰੀ ਇਸ ਮਰ ਜਾਣ ਤੋਂ ਹੈ :

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥...॥ ੩੨ । ।

(ਸਲੋਕ ਮਹਲਾ ੩, ਸਫ਼ਾ ੧੪੧੬)

ਪੁਨਾ :

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥...॥ ੭ ॥

(ਸਿਰੀ. (ਅਸਟ.) ਮਹਲਾ ੧-੮, ਸਫ਼ਾ ੫੮)

ਪੱਛਮ ਵਿਚ ਬਹੁਤ ਘੱਟ ਹਨ, ਜਿਨ੍ਹਾਂ ਇਹ ਗੱਲ ਸਮਝੀ ਹੈ । ਇਕ ਐਸਾ ਮਨੁੱਖ ਇਲੀਅਟ (Elliot) ਹੈ ਉਸ ਨੇ ਕਿਹਾ ਸੀ : Art lies not in the expression of personality but a denial of it.

ਸ਼ਬਦ ਸੁਰਤਿ ਦਾ ਹੁਨਰ ਇਸੇ ਗੱਲ ਉਪਰ ਨਿਰਭਰ ਹੈ। ਸ਼ਬਦ ਸੁਰਤਿ ਦੇ ਰਸੀਏ ਸੰਤ ਨਿਰਮਲ ਸਿੰਘ ਜੀ ਨੇ ਕਿਹਾ ਸੀ :

ਮਿਲਿ ਸਤਿਗੁਰ ਆਪਾ ਦੀਓ ਡਾਰ ॥
ਤਬ ਹੀ ਪਾਇਓ ਹਰਿ ਦੀਦਾਰ । ੧ । ਰਹਾਉ ।
ਲੋਭ ਮੋਹੁ ਨਹੀਂ ਵਿਆਪੈ ਧਰੋਹੁ ॥
ਬਿਖੈ ਬਿਆਪ ਨਹੀਂ ਲਾਗੈ ਮੋਹੁ ॥
ਸੁਰਤਿ ਲਗੀ ਜਾਇ ਦਸਵੇਂ ਦੁਆਰਿ । ੧ ।
ਤਹਾਂ ਬ੍ਰਹਮ ਜੋਤਿ ਕੁਲਿ ਬ੍ਰਹਮ ਗਿਆਨ ।
ਉਸਤਤਿ ਨਿੰਦਿਆ ਇਹ ਸਮਾਨਿ ।
ਧੁਨਿ ਅਨਹਦ ਵਾਜੈ ਸਬਦ ਤਾਰਿ ।

(ਸਲੋਕ ਭਗਤਾਂ ਦੇ, ਮੁਫੀਦ ਆਮ ਪ੍ਰੈਸ, ੧੯੦੧, ਸਫ਼ਾ ੨੬੭)

ਇਸ ਤਰ੍ਹਾਂ ਸ਼ਬਦ ਸੁਰਤਿ ਵਾਲੇ ਨੂੰ ਕਿਸੇ ਉਪਰਲੇ ਪ੍ਰਮਾਣ ਦੀ ਲੋੜ ਨਹੀਂ ਰਹਿੰਦੀ। ਸ਼ਬਦ ਸੁਰਤਿ ਵਾਲੇ ਨੂੰ ਓਪਰੇ ਆਸਰੇ ਦੀ ਜ਼ਰੂਰਤ ਨਹੀਂ। ਉਸ ਦਾ ਯੋਗ ਅੰਦਰ ਬਾਹਰ ਦਾ ਯੋਗ ਹੈ। ਉਸ ਦੀ ਸਾਧਨਾ ਵਿਚ ਹਠਯੋਗ ਦੀ ਕ੍ਰਿਆ ਨਹੀਂ, ਨਾ ਹੀ ਲਯ ਯੋਗ ਦਾ ਕੁੰਡਲਨੀ ਕਰਮ ਹੈ, ਪ੍ਰਾਣਾਯਾਮ ਵੀ ਵਾਧੂ ਗੱਲ ਹੈ। ਨਿਉਲੀ ਆਦਿਕ ਖਟ ਕਰਮ ਵੀ ਜਾਇਜ਼ ਨਹੀਂ। ਸੁਰਤਿ ਵਾਲੇ ਦਾ ਤਰੀਕਾ ਰਸ ਦਾ ਮਾਰਗ ਹੈ, ਹੁਸਨ ਦਾ ਨੂਰ ਝਮਕਾ ਹੈ, ਕੁਦਰਤ ਦਾ ਵਿਸਮਾਦ ਹੈ, ਸ਼ਬਦ ਦੀ ਕਮਾਈ ਹੈ :

ਨਿਉਲੀ ਕਰਮ ਭੁਇਅੰਗਮ ਭਾਠੀ ।
ਰੇਚਕ ਕੁੰਭਕ ਪੂਰਕ ਮਨ ਹਾਠੀ ।
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ
ਸਬਦ ਮਹਾ ਰਸੁ ਪਾਇਆ । ੧੪ ।
ਕੁਦਰਤਿ ਦੇਖਿ ਰਹੇ ਮਨੁ ਮਾਨਿਆ ।
ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ । ੧੫ ।

(ਮਾਰੂ (ਸੋਲ੍ਹਹੇ) ਮਹਲਾ ੧-੨੨, ਸਫ਼ਾ ੧੦੪੩)

ਸੁਰਤਿ ਸ਼ਬਦ ਦੀ ਅੰਤਮ ਪੌੜੀ ਬਹੁਤੀ ਉਚੀ ਹੈ। ਗੁਰੂ ਦਾ ਬਚਨ• ਜੋ ਪ੍ਰਮਾਣ ਰੂਪ ਸੀ, ਉਹ ਜੋ ਬਾਹਰ ਸੀ, ਉਹ ਅੰਦਰ ਪੂਰੀ ਤਰ੍ਹਾਂ ਨਿੱਠ ਕੇ ਬੈਠ ਜਾਂਦਾ ਹੈ। ਉਸ ਦੀ ਅੰਤ੍ਰੀਵਤਾ ਬੜੀ ਡੂੰਘੀ ਹੋ ਜਾਂਦੀ ਹੈ, ਉਹ ਪਾਰਬ੍ਰਹਮ ਨਾਲ ਅਭੇਦ

ਹੋ ਜਾਂਦਾ ਹੈ। ਪ੍ਰਤੀਤ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਬਦ ਹੈ ਜੋ ਪ੍ਰਮਾਣ ਰੂਪ ਗੁਰੂ ਹੈ। ਨਾਲ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਕਤੀ ਹੈ ਜੋ ਉਸ ਗੁਰੂ ਦੇ ਹੁਕਮ ਨੂੰ ਸਮਝਦੀ ਹੈ। ਇਹ ਸੁਰਤਿ ਹੈ। ਇਸ ਤਰ੍ਹਾਂ ਸੁਰਤਿ ਵਾਲਾ ਮਨੁੱਖ ਬੇਗਾਨੀਆਂ ਮੁਥਾਜੀਆਂ ਤੋਂ ਸੁਤੰਤਰ ਹੋ ਜਾਂਦਾ ਹੈ। ਉਹ ਆਪਣੀਆਂ ਅੰਦਰ ਦੀਆਂ ਰੁਚੀਆਂ ਤੋਂ ਵੀ ਛੁਟਕਾਰਾ ਪਾ ਲੈਂਦਾ ਹੈ। ਉਹ ਲੁਕੀਆਂ ਛਿਪੀਆਂ ਕਾਮਨਾ ਦੀ ਪ੍ਰੇਰਣਾ ਤੋਂ ਆਜ਼ਾਦ ਹੋ ਜਾਂਦਾ ਹੈ। ਉਹ ਕਰਮ ਸੰਸਕਾਰਾਂ ਦੇ ਪ੍ਰਤਿਬੰਧਾਂ ਤੋਂ ਉਪਰ ਹੋ ਜਾਂਦਾ ਹੈ। ਇਸ ਅਵਸਥਾ ਤੋਂ ਪਹਿਲੇ ਉਹ ਆਪਣਾ ਜੀਵਨ ਨਹੀਂ ਸੀ ਜੀ ਰਿਹਾ। ਉਹ ਮਜਬੂਰੀ ਵਿਚ ਦਿਨ ਕਟ ਰਿਹਾ ਸੀ। ਬਾਹਰ, ਚੌਗਿਰਦੇ ਦੇ ਪ੍ਰਭਾਵਾਂ ਦੀ ਮਜਬੂਰੀ ਸੀ, ਅੰਦਰ, ਫਿਤਰਤ ਦਾ ਦਬਾਉ ਸੀ। ਇਸ ਸ਼ਕੰਜੇ ਵਿਚ ਦਿਨ ਕਟੀ ਹੋ ਰਹੀ ਸੀ। ਹੁਣ ਅਵਸਥਾ ਬਦਲ ਗਈ ਹੈ, ਦੋਨੋਂ ਮਜਬੂਰੀਆਂ ਹਟ ਗਈਆਂ ਹਨ। ਉਹ ਸੁਤੰਤਰ ਹੋ ਗਿਆ ਹੈ। ਉਹ ਆਪਣਾ ਰਹਿਨੁਮਾ ਆਪ ਹੈ। ਉਸ ਦਾ ਪਥ ਪ੍ਰਦਰਸ਼ਕ ਕੇਵਲ ਸ਼ਬਦ ਹੈ, ਜੋ ਗੁਰੂ ਰੂਪ ਅੰਦਰ ਵਸ ਰਿਹਾ ਹੈ। ਉਹ ਸ਼ਬਦ ਨਿੱਤ ਹੈ। ਉਸੇ ਦੀ ਧੁਨ ਉਹ ਸੁਣ ਰਿਹਾ ਹੈ, ਉਸ ਲਈ ਇਹੋ ਪ੍ਰਮਾਣ ਹੈ ਜਿਸ ਨਾਲ ਸੰਸ਼ੇ ਨਵਿਰਤ ਰਹਿੰਦੇ ਹਨ। ਇਸ ਤਰ੍ਹਾਂ ਉਹ ਜੀਵਨ ਮੁਕਤ ਅਵ-ਸਥਾ ਵਿਖੇ ਸ਼ਰਧਾ ਭਰਪੂਰ ਪ੍ਰੇਮ ਅਦ੍ਵੈਤ ਵਿਚ ਵਿਚਰਦਾ ਹੈ ਜਿਥੇ ਇਹ ਅਟਲ ਅਸੂਲ ਜ਼ਹੂਰ ਵਿਚ ਆ ਰਿਹਾ ਹੈ :

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥...॥ ੪੪ ॥

(ਰਾਮ (ਗੋਸਟਿ) ਮਹਲਾ ੧, ਸਫ਼ਾ ੯੪੩)

ਭਾਗ ਦੂਜਾ

# 'ਸੁਰਤਿ-ਸ਼ਬਦ' ਵਿਚਾਰ

## IV

ਅਸੀਂ ਪਿਛੇ ਕੁਝ ਐਸੇ ਸੰਤਾਂ ਅਤੇ ਭਗਤਾਂ ਦਾ ਜ਼ਿਕਰ ਕਰ ਆਏ ਹਾਂ ਜਿਨ੍ਹਾਂ ਦੇ ਬਚਨ ਬੇਲਵੇਡਿਯਰ ਪ੍ਰੈਸ ਨੇ ਛਾਪੇ ਹਨ। ਸੁਰਤਿ ਨੂੰ ਸਪੱਸ਼ਟ ਤਰੀਕੇ ਉਪਰ ਸਮਝਾਉਣ ਲਈ ਸੰਤਾਂ ਨੇ ਕਈ ਕਿਸਮ ਦੀਆਂ ਉਪਮਾਵਾਂ ਅਤੇ ਵਿਚਿਤਰ ਦ੍ਰਿਸ਼ਟਾਂਤ ਵਰਤੇ ਹਨ। ਇਕ ਥਾਵੇਂ ਅਲਲ ਪੰਛੀ ਦੀ ਮਿਸਾਲ ਹੈ। ਇਸ ਨਾਲ ਇਸ ਵਿਸ਼ਯ ਉਪਰ ਰੌਸ਼ਨੀ ਪਾਈ ਹੈ। ਅਲਲ ਪੰਛੀ ਇਕ ਖਾਸ ਕਿਸਮ ਦਾ ਪ੍ਰਿੰਦਾ ਮੰਨਿਆ ਜਾਂਦਾ ਹੈ ਜੋ ਗਗਨ ਵਿਚ ਹੀ ਰਹਿੰਦਾ ਹੈ। ਇਹ ਜ਼ਮੀਨ ਉਪਰ ਕਦੇ ਨਹੀਂ ਉਤਰਦਾ। ਇਹ ਅੰਡਾ ਵੀ ਅਸਮਾਨ ਵਿਚ ਹੀ ਦਿੰਦਾ ਹੈ। ਜ਼ਮੀਨ ਉਪਰ ਇਸ ਦਾ ਕੋਈ ਆਲ੍ਹਣਾ ਨਹੀਂ। ਅੰਡਾ ਅਸਮਾਨ ਵਿਚੋਂ ਹੇਠਾਂ ਡਿਗਦਾ ਹੈ, ਪਰ ਰਸਤੇ ਵਿਚ ਹੀ ਸਿਕ ਜਾਂਦਾ ਹੈ, ਜ਼ਮੀਨ ਨੂੰ ਸਪਰਸ਼ ਕਰਨ ਤੋਂ ਪਹਿਲਾਂ ਇਹ ਫੱਟ ਜਾਂਦਾ ਹੈ, ਇਸ ਵਿਚੋਂ ਬੋਟ ਨਿਕਲ ਕੇ ਗਗਨ ਵੱਲ ਉਪਰ ਉਡ ਜਾਂਦਾ ਹੈ। ਸੰਤ ਪਲਟੂ ਜੀ ਦਾ ਬਚਨ ਹੈ:

ਅਲਲ ਪਛ ਇਕ ਰਹੇ ਗਗਨ ਮੇਂ ਅੰਡਾ ਦੇਵੇ
ਬਚਾ ਸੁਰਤਿ ਸਮ੍ਹਾਰ ਉਲਟਿ ਕੇ ਫਿਰ ਘਰ ਲੇਵੇ

(ਪਲਟੂ ਸਾਹਿਬ ਕੀ ਬਾਣੀ, ਭਾਗ, ੧, ੫੮, ੧੪੯)

ਇਹ ਸੰਕੇਤ ਸ਼ਬਦ ਹਨ। ਇਥੇ ਅਲਲ ਪੰਛੀ ਸ਼ਬਦ ਬ੍ਰਹਮ ਦਾ ਨਿਰਮਲ ਚੇਤਨ ਸਰੂਪ ਹੈ ਜਿਸ ਵਿਚੋਂ ਜੀਵ ਰੂਪ ਸੁਰਤਿ ਦੀ ਤਾਰ ਹੇਠਾਂ ਉਤਰਦੀ ਹੈ ਜੋ ਮੁੜ ਉਤਾਂਹ ਨੂੰ ਵਾਪਸ ਜਾਣ ਲਈ ਉਤਾਵਲੀ ਹੁੰਦੀ ਹੈ।

ਸੰਤ ਬਾਣੀਆਂ ਵਿਚ 'ਸੁਰਤਿ' ਬੜੇ ਵਿਸਥਾਰ ਵਿਚ ਆਇਆ ਹੈ। ਤੁਲਸੀ ਸਾਹਿਬ ਹਾਥਰਸ ਵਾਲਿਆਂ ਕਿਹਾ ਹੈ:

ਸੁਰਤਿ ਸ਼ਬਦ ਕੇ ਭੇਦ ਬਿਨ ਹੋਯ ਨ ਪੂਰਨ ਕਾਮ॥

ਚਮਰ ਚਾਮ ਕੀ ਦ੍ਰਿਸ਼ਟੀ ਮੇਂ ਤਨ ਤਤ ਤਿਮਿਰ ਸਮਾਨ ॥

(ਰਤਨ ਸਾਗਰ, ਬੇਲਵੇਡਿਯਰ ਪ੍ਰੈਸ, ੧੯੧੯, ਸਫ਼ਾ ੭੭)

ਮਤਲਬ ਹੈ ਕਿ ਸੁਰਤਿ ਸ਼ਬਦ ਦੇ ਭੇਦ ਸਮਝੇ ਬਿਨਾਂ ਕੰਮ ਸਿਰੇ ਨਹੀਂ ਚੜ੍ਹਦਾ। ਮਨੁੱਖ ਦੀ ਦ੍ਰਿਸ਼ਟੀ ਚਮੜੇ ਦੇ ਨੇਤ੍ਰਾਂ ਤੋਂ ਬਣੀ ਹੈ। ਇਸ ਕਰਕੇ ਚੰਮ ਸੁਭਾ ਵਾਲੀ ਹੈ। ਇਸ ਸਰੀਰ ਦੇ ਤੱਤ ਇਸ ਨੂੰ ਹਨੇਰੇ ਸਮਾਨ ਹੀ ਦਿਸਦੇ ਹਨ। (ਤਿਮਿਰ=ਹਨੇਰਾ)। ਪਰ ਸੁਰਤਿ ਕੀ ਕੰਮ ਸਾਰ ਸਕਦੀ ਹੈ ? ਅਤੇ ਕਿਸ ਤਰ੍ਹਾਂ ਸਾਰਦੀ ਹੈ ? ਲਿਖਿਆ ਹੈ :

ਸੁਰਤ ਕੋ ਤੀਰ ਹ੍ਰਿਦਯ ਕੋ ਤਰਕਸ ਧਯਾਨ ਕਮਾਨ ਬਨਾਵੈ ॥
ਪ੍ਰੇਮ ਹਾਥ ਸੂੰ ਖੈਂਚਨ ਲਾਗੈ ਚੋਟ ਨਿਸਾਨੇ ਲਾਵੈ ॥ ੩ ॥

(ਚਰਨ ਦਾਸ ਕੀ ਬਾਣੀ (੧), ਬੇਲਵੇਡਿਯਰ ਪ੍ਰੈਸ, ੧੯੦੮, ਸਫ਼ਾ ੮੬)

ਯਾਰੀ ਸਾਹਿਬ ਨੇ ਕਿਹਾ ਹੈ :

ਸੁਰਤਿ ਚੜੀ ਕਮਾਨ ਛੋਦਿ ਗਯੋ ਆਸਮਾਨ,
ਲਾਮਕਾਨ ਕਾ ਮਕਾਨ ਉਦੈ ਭਯੋ ਭਾਨ ਹੈ ॥

(ਯਾਰੀ ਸਾਹਿਬ ਕੀ ਰਤਨਾਵਲੀ, ਬੇਲਵੇਡਿਯਰ ਪ੍ਰੈਸ, ੧੯੨੧, ਸਫ਼ਾ ੧੫)

ਪਰ ਮਾਲੂਮ ਐਸਾ ਹੁੰਦਾ ਹੈ ਕਿ ਕਈ ਸੰਤਾਂ ਦੀ ਬਾਣੀ ਵਿਚ ਭਗਤੀ ਦਾ ਪਹਿਲੂ ਹੁੰਦਿਆਂ ਹੋਇਆਂ ਵੀ ਸਾਧਨਾ ਪੱਖ ਵਿਚ ਹਠਯੋਗ ਦਾ ਅੰਸ਼ ਕਾਫ਼ੀ ਹੈ। ਸੰਤ ਚਰਨ ਦਾਸ ਜੀ ਨੇ ਸੁਰਤਿ ਬਾਬਤ ਕਿਹਾ ਹੈ :

ਮਨ ਪਵਨਾ ਬਸ ਕੀਜਯੇ ਗਯਾਨ ਜੁਕ੍ਤਿ ਸੂੰ ਰੋਕ ॥
ਸੁਰਤਿ ਬਾਂਧਿ ਭੀਤਰ ਧਸੈ ਸੂਝੈ ਕਾਯਾ ਲੋਕ ॥੧॥
ਚਰਨ ਦਾਸ ਯਹਿ ਬਿਧਿ ਕਹੀ ਚੜਿਬੇ ਕੂੰ ਆਕਾਸ।
ਸੋਧ ਸਾਧਿ ਸਾਧਨ ਅਗਮ ਪੂਰਨ ਬ੍ਰਹਮ ਬਿਲਾਸ ॥੨॥

(ਚਰਨ ਦਾਸ ਕੀ ਬਾਣੀ ਭਾਗ (੧), ਬਲਵੇਡਿਯਰ ਪ੍ਰੈਸ, ੧੯੦੮, ਸਫਾ ੫੪)

'ਚਰਨਦਾਸ ਯਹਿ ਬਿਧਿ ਕਹੀ' ਇਸ ਵਿਧੀ ਦਾ ਬਿਓਰਾ ਵੀ ਦਿੱਤਾ ਹੈ :

ਪਹਿਲੇ ਚਕਰ ਜਾਨਿ ਮੂਲ ਦ੍ਵਾਰੇ ਬਿਖ਼ੈ।
ਜਿਤ ਹੀ ਪਾਵ ਕੀ ਏੜੀ ਸੂੰ ਬੰਧ ਦੇ ਰੇਖੈ।
ਮੂਲ ਚਕ੍ਰ ਸੋਂ ਖੈਂਚਿ ਅਪਾਨ ਚਲਾਇਯੇ।
ਦੂਜੇ ਚਕਰ ਪਾਸ ਜੁ ਆਨ ਫ਼ਿਰਾਇਯੇ ॥
ਦਹਿਨੀ ਓਰ ਸੋਂ ਤੀਨ ਲਪੇਟੇ ਦੀਜਿਯੇ।
ਤੀਜੇ ਚਕਰ ਮਾਹਿਂ ਗਮਨ ਫਿਰ ਕੀਜਿਯੇ ॥

ਚੌਥੇ ਚਕਰ ਮਾਹਿੰ ਪਵਨ ਜੋ ਲਾਇਯੇ ।
ਬਹੁਰੋ ਪੰਚਵੇਂ ਚਕਰ ਮੇਂ ਜਿਵ ਪਹੁੰਚਾਇਯੇ ॥
ਖ਼ਸ਼ਟਮ ਚਕਰ ਮਾਹਿੰ ਜੁ ਤਾਹਿ ਚੜ੍ਹਾਇਯੇ ।
ਸੋ ਤ੍ਰਿਕੁਟੀ ਕੇ ਮਧਯ ਤਹਾਂ ਠਹਰਾਇਯੇ ॥
ਰੋਕੇ ਤ੍ਰਿਕੁਟੀ ਮਾਹਿੰ ਆਨਿ ਕੈ ਬਾਯੁ ਕੂੰ ;
ਖ਼ਟ ਚਕਰ ਕੂੰ ਛੇਦਿ ਚੜ੍ਹੈ ਜਬ ਧਾਯ ਕੂੰ ।
ਅਪਾਨ ਬਾਯੁ ਚੜ੍ਹਿ ਜਾਯ ਵਹੀ ਅਸਥਾਨ ਹੈ ;
ਪ੍ਰਾਨ ਬਾਯੁ ਹ੍ਵੈ ਜਾਯ ਸਾਧੂ ਕੋਇ ਜਾਨ ਹੈ ॥
ਰੋਕੈ ਪ੍ਰਾਨਹਿੰ ਬਾਯੁ ਤ੍ਰਿਕੁਟੀ ਮਧਯਹੀਂ ।
ਯਹ ਤੇ ਊਚਾ ਧਯਾਨ ਜੁ ਅਧਿਕ ਅਨੂਪਹੀਂ ।
ਕਰੈ ਓਂ ਕਾ ਧਯਾਨ ਸੀਸ ਮੇਂ ਗਦਯ ਹੀਂ ॥
ਚਰਨਹਿੰ ਦਾਸਾ ਹੋਯ ਜੁ ਬ੍ਰਹਮ ਸਰੂਪਹੀਂ ॥

(ਚਰਨਦਾਸ ਕੀ ਬਾਣੀ, ਭਾਗ (੧), ਬੇਲਵੇਡ੍ਰਿਯਰ ਪ੍ਰੈਸ, ੧੯੦੮, ਸਫ਼ਾ ੪੦-੪੧)

ਇਹ ਸਾਰੀ ਪ੍ਰਕ੍ਰਿਆ ਹਠਯੋਗ ਦੀ ਹੈ । ਹਠਯੋਗ ਅਤੇ ਰਾਜਯੋਗ ਵਿਚ ਕਈ ਫ਼ਰਕ ਹਨ । ਪਰ ਇਕ ਮੂਲਕ ਫ਼ਰਕ ਇਹ ਹੈ ਕਿ ਰਾਜਯੋਗ ਵਿਚ ਜ਼ੋਰ 'ਮਨ' ਉਪਰ ਹੈ । ਮਨ ਨੂੰ ਵਸ ਕਰਨਾ ਹੀ ਪਰਮ ਧਰਮ ਹੈ । ਮਨ ਦੇ ਅਧੀਨ ਹੀ ਇੰਦ੍ਰੀਆਂ ਅਤੇ ਪ੍ਰਾਣ ਹਨ । ਇਸ ਦੇ ਉਲਟ ਹਠਯੋਗ ਵਿਚ 'ਪ੍ਰਾਣਾਂ' ਉਪਰ ਜ਼ੋਰ ਹੈ । ਪ੍ਰਾਣ ਨੂੰ ਹੀ ਪ੍ਰਧਾਨ ਥਾਪਿਆ ਹੈ । ਮਨ ਨੂੰ ਪ੍ਰਾਣਾਂ ਦੇ ਅਧੀਨ ਮੰਨਿਆ ਹੈ, ਇਸ ਕਰਕੇ ਪ੍ਰਾਣਾਂ ਨੂੰ ਮਨ ਦਾ ਨਾਥ ਕਿਹਾ ਹੈ । **ਹਠਯੋਗ ਪ੍ਰਦੀਪਿਕਾ** ਵਿਚ ਕਿਹਾ ਹੈ :

**इंद्रियाणां मनो नाथो**
**मनो नाथस्तु मारुतः ।**
**मारुतस्य लयो नाथः**
**स लयो नाद माश्रित ॥** (iv : ੨੯)

ਮਤਲਬ ਸਪੱਸ਼ਟ ਹੈ : ਇੰਦ੍ਰੀਆਂ ਦਾ ਨਾਥ ਮਨ ਹੈ, ਮਨ ਦਾ ਨਾਥ ਪ੍ਰਾਣ ਹੈ, ਪ੍ਰਾਣਾਂ ਦਾ ਨਾਥ 'ਲਯ' ਹੈ ਜੋ ਨਾਦ ਦੇ ਆਸਰੇ ਹੈ । ਹਠਯੋਗ ਦੇ ਇਸ ਸਿਧਾਂਤ ਨੂੰ ਹੀ ਦ੍ਰਿਸ਼ਟੀ ਵਿਚ ਰੱਖ ਕੇ ਚਰਨਦਾਸ ਜੀ ਨੇ ਕਿਹਾ :

ਇੰਦ੍ਰਿਨ ਕੂੰ ਮਨ ਬਸਿ ਕਰੈ ਮਨ ਕੂੰ ਬਸਿ ਕਰੈ ਪੌਨ ।
ਅਨਹਦ ਬਸਿ ਕਰੈ ਬਾਯੁ ਕੂੰ ਅਨਹਦ ਕੂੰ ਲੇ ਤੌਨ ॥੧੯॥

(ਚਰਨਦਾਸ ਕੀ ਬਾਣੀ, ਭਾਗ (੧), ਬੇਲਵੇਡਿਅਰ ਪ੍ਰੈਸ, ੧੯੦੮, ਸਫ਼ਾ ੨੧)

ਮਤਲਬ ਹੈ ਕਿ ਇੰਦ੍ਰੀਆਂ ਤਾਂ ਮਨ ਦੇ ਅਧੀਨ ਪਰ ਤਨ ਮਨ ਅਧੀਨ ਹੈ ਪ੍ਰਾਣਾਂ ਦੇ (ਪੌਨ ਦੇ), ਪ੍ਰਾਣਾਂ ਨੂੰ ਵਸ ਕਰਨ ਲਈ ਅਨਹਦ ਹੈ, ਕਿਉਂਕਿ ਉਸੇ ਅਨਹਦ ਵਿਚ ਪ੍ਰਾਣਾਂ ਦਾ ਲਯ ਹੋ ਜਾਂਦਾ ਹੈ। 'ਅਨਹਦ ਕ੍ਰੂ ਲੇ ਤੌਨ', ਇਸ ਦਾ ਮਤਲਬ ਇਹੋ ਹੈ ਕਿ ਉਸੇ ਅਨਹਦ ਵਿਚ ਪ੍ਰਾਣ ਲਯ (ਲੀਣ) ਹੋ ਜਾਂਦੇ ਹਨ। ਸੰਤ ਗੁਲਾਲ ਜੀ ਨੇ ਸੁਰਤਿ ਨੂੰ ਸੋਹਾਗਨ ਕਿਹਾ ਹੈ :

ਸੁਰਤ ਸੋਹਾਗਿਨ ਉੜੈ ਗਗਨ ਮੁਖ ਤਬ ਚੰਦਾ ਦਰਸਾਵੈ ॥੨॥
ਮੂਲ ਚਕ੍ਰ ਗਹਿ ਕੈ ਦ੍ਰਿੜ ਬਾਂਧੈ, ਬੰਕ ਨਾਲ ਚੜਿ ਧਾਵੈ।

(ਗੁਲਾਲ ਸਾਹਿਬ ਕੀ ਬਾਣੀ, ਬੇਲਵੇਡਿਯਰ ਪ੍ਰੈਸ, ੧੯੦੮ ਸਫ਼ਾ ੪੭)

ਮਤਲਬ ਇਹ ਹੈ ਕਿ 'ਸੁਰਤ ਸੋਹਾਗਿਨ' ਦਸਮ ਦੁਆਰ ਵਲ ਉਡਦੀ ਹੈ। ਉਸ ਗਗਨ ਵਿਚ ਅੰਮ੍ਰਿਤ ਦਾ ਕੁੰਡ ਚੰਦਰਮਾ ਹੈ। ਇਹ ਗੱਲ ਤਦੇ ਸਿਰੇ ਚੜ੍ਹਦੀ ਹੈ, ਅਗਰ ਮੂਲਾਧਾਰ ਚਕ੍ਰ ਨੂੰ ਅੱਛੀ ਤਰ੍ਹਾਂ ਬੰਨ੍ਹ ਲਿਆ ਹੈ ਅਤੇ ਅਪਾਨ ਵਾਯੂ ਨੂੰ ਸੁਖਮਨਾ ਨਾੜੀ ਵਿਚੋਂ ਉਪਰ ਨੂੰ ਚੜ੍ਹਾਇਆ ਹੈ। ਅਪਾਨ ਵਾਯੂ ਨੂੰ ਚੜਾ ਕੇ ਛੇ ਚਕਰਾਂ ਵਿਚੋਂ ਘੁਮਾ ਕੇ ਤ੍ਰਿਕੁਟੀ ਦੇ ਅਸਥਾਨ ਉਤੇ ਰੋਕਣ ਦਾ ਜ਼ਿਕਰ ਅਸੀਂ ਚਰਨਦਾਸ ਜੀ ਦੀ ਪਿਛੇ ਦਿਤੀਆਂ ਤੁਕਾਂ ਵਿਚ ਦੇ ਆਏ ਹਾਂ। ਗੁਲਾਲ ਜੀ ਨੇ ਸੁਰਤਿ ਸੋਹਾਗਨ ਨੂੰ ਨਿਰਗੁਣ ਕੰਤ ਦੀ ਪਿਆਰੀ ਕਿਹਾ ਹੈ ਜੋ ਸੁਖਮਨਾ ਦੀ ਸੇਜ ਉਤੇ ਪਿਰ ਸੰਗ ਅਨੰਦ ਕਰ ਰਹੀ ਹੈ। ਇਸ ਵਿਚ ਵੀ ਪ੍ਰਾਣਾਯਾਮ ਦੇ ਅਭਿਆਸ ਦਾ ਸੰਕੇਤ ਹੈ :

ਲੇ ਕੇ ਪਵਨ ਭਵਨ ਮਨ ਲਾਵੋ ਥਕਿਤ ਭਈ ਨੌ ਨਾਰੀ ॥
ਸੁਖਮਨ ਸੇਜ ਜੋ ਸੁਰਤਿ ਸੋਹਾਗਿਨਿ ਨਿਰਗੁਣ ਕੰਤ ਪਿਆਰੀ ॥੧॥

(ਗੁਲਾਲ ਸਾਹਿਬ ਕੀ ਬਾਣੀ, ਬੇਲਵੇਡਿਯਰ ਪ੍ਰੈਸ, ੧੯੧੦, ਸਫ਼ਾ ੧੩੪)

**ਗੋਰਖਬਾਣੀ** ਵਿਚ ਇਕ ਥਾਵੇਂ ਸੁਰਤਿ ਨੂੰ ਹੀ ਸੁਖਮਨਾ ਨਾੜੀ ਕਿਹਾ ਹੈ। (ਸਫ਼ਾ 283), ਪਰ ਗੁਲਾਲ ਜੀ ਦੀ ਉਪਰਲੀ ਦਿਤੀ ਤੁਕ ਵਿਚ ਸੁਖਮਨਾ ਸੇਜ ਹੈ ਸੁਰਤਿ ਦੇ ਅਨੰਦ ਲਈ।

ਦਰਿਆ ਸਾਹਿਬ ਦੀ ਬਾਣੀ ਵਿਚ ਇਸ ਪਦ ਦੀ ਵਰਤੋਂ ਤ੍ਰਿਕੁਟੀ ਦੇ ਸੀਮਾ ਸੰਬੰਧ ਵਿਚ ਬਹੁਤ ਸਰਲ ਹੈ :

ਦਰਿਆ ਦੇਖੈ ਦੋਇ ਪਖ ਤ੍ਰਿਕੁਟੀ ਸੰਧਿ ਮਝਾਰ
ਨਿਰਾਕਾਰ ਏਕੈ ਦਿਸ਼ਾ ਏਕੈ ਦਿਸ਼ਾ ਆਕਾਰ
ਮਨ ਬੁਧਿ ਚਿਤ ਹੰਕਾਰ ਕੀ ਹੈ ਤ੍ਰਿਕੁਟੀ ਲਗ ਦੌੜ
ਜਨ ਦਰਿਆ ਇਨਕੇ ਪਰੇ ਬ੍ਰਹਮ ਸੁਰਤ ਕੀ ਠੌਰ।

## V

ਜਿਥੋਂ ਤਕ ਖੋਜ ਹੋ ਸਕੀ ਹੈ ਦਸਮ ਗ੍ਰੰਥ ਵਿਖੇ, ਸਾਡੇ ਵਿਸ਼ਯ ਦੇ ਅਰਥ ਪ੍ਰਸੰਗ ਵਿਚ, ਸੁਰਤਿ ਪਦ ਇਕੋ ਵੇਰ ਆਉਂਦਾ ਹੈ। ਉਸੇ ਇਕ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਇਹ ਹੇਠਲਾ ਮਜ਼ਮੂਨ ਟੁਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਥਾ ਲਿਖੀ ਹੈ :

ਅਬ ਮੈਂ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿਆਨੋ ॥...॥ ੧ ॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਅਯ ੬)

ਤਪ ਸਾਧਨਾ ਦਾ ਟਿਕਾਣਾ ਦਸਿਆ ਹੈ 'ਹੇਮ ਕੁੰਟ'। ਲਿਖਿਆ ਹੈ :

ਤਹ ਹਮ ਅਧਿਕ ਤਪੱਸਿਆ ਸਾਧੀ ॥
ਮਹਾਂ ਕਾਲ ਕਾਲਿਕਾ ਅਰਾਧੀ ॥...॥੨॥

ਇਹ ਤਪੱਸਿਆ ਕੀ ਸੀ ਅਤੇ ਯੋਗ ਸਾਧਨਾ ਕਿਸ ਪ੍ਰਕਾਰ ਦੀ ਸੀ ? ਅਤੇ ਇਸ ਨਾਲ ਸੰਬੰਧਤ ਹੋਰ ਗੁੱਝੇ ਭੇਦ ਕੀ ਸਨ ? ਇਨ੍ਹਾਂ ਪ੍ਰਸ਼ਨਾਂ ਉਪਰ ਕਈ ਕਿਸਮ ਦੀਆਂ ਦਲੀਲਾਂ ਹਨ। ਹਰ ਇਕ ਟੀਕਾਕਾਰ ਨੇ ਆਪੋ ਆਪਣੇ ਅਕੀਦੇ ਮੁਤਾਬਕ ਵਿਚਾਰ ਪੇਸ਼ ਕੀਤੇ ਹਨ।

ਭਾਈ ਕਾਹਨ ਸਿੰਘ ਜੀ ਨੇ ਲਿਖਿਆ ਹੈ : 'ਮਹਾਂਕਾਲ ਕਾਲਿਕਾ ਪਦ ਵਾਹਿਗੁਰੂ ਦੇ ਬੋਧਕ ਹੈਨ।'

(ਗੁਰਮਤ ਸੁਧਾਰ, ਤੀਜੀ ਐਡੀਸ਼ਨ, ਸਫ਼ਾ ੪੪)

ਭਾਈ ਵੀਰ ਸਿੰਘ ਜੀ ਨੇ ਇਸੇ ਸੰਬੰਧ ਵਿਚ ਇਸ ਤਰ੍ਹਾਂ ਦਾ ਸੰਕੇਤ ਦਿਤਾ ਹੈ :

ਬੜਾ ਉੱਗਰ ਤਪ ਕੀਤਾ...ਜਨਮਾਂ
ਤਪ ਕਰਕੇ ਮਹਾਂਕਾਲ ਅਕਾਲ ਦੀ
ਅਰਾਧਨ ਕਰਕੇ ਅੱਜ ਅਕਾਲ ਅਦੇਸ਼
ਅਨੰਤ ਪੂਰਨ ਵਿਚ ਵਾਸਾ ਮਿਲਿਆ
ਪਰ...।

(ਸ੍ਰੀ ਕਲਗੀਧਰ ਚਮਤਕਾਰ, ਤੀਜੀ ਐਡੀਸ਼ਨ, ਸਫ਼ਾ ੨-੩)

ਅਰਥ ਕਰਨ ਵਿਚ "ਕਾਲਿਕਾ" ਅਤੇ "ਮਹਾਂ ਕਾਲ" ਆਦਿਕ ਪਦ ਜ਼ਿਆਦਾ ਤਰ ਤਰਕ ਦਾ ਵਿਸ਼ਯ ਰਹੇ ਹਨ। ਇਨ੍ਹਾਂ ਲਫ਼ਜ਼ਾਂ ਦੇ ਜੋ ਵੀ ਭਾਵ ਹੋਣ, ਇਕ

ਗੱਲ ਸਪੱਸ਼ਟ ਹੈ ਕਿ ਗੁਰੂ ਜੀ ਤਪੱਸਵੀ ਦੇ ਰੂਪ ਵਿਚ ਦੀਰਘ ਸਮੇਂ ਤਕ ਆਪਣੀ ਸਾਧਨਾ ਦੀ ਕਾਰਜ ਸਿੱਧੀ ਵਿਚ ਨਿਮਗਨ ਰਹੇ। ਹੇਮਕੁੰਟ ਦਾ ਟਿਕਾਣਾ ਐਸਾ ਹੈ ਜਿਸ ਬਾਬਤ ਗੁਰੂ ਜੀ ਨੇ ਲਿਖਿਆ ਹੈ ਕਿ ਇਹ ਉਹ ਥਾਂ ਹੈ ਜਿਥੇ ਪੰਡ ਰਾਜ ਨੇ ਯੋਗ ਕਮਾਇਆ ਸੀ।

ਪ੍ਰਤੀਤ ਹੁੰਦਾ ਹੈ ਕਿ ਹੇਮਕੁੰਟ ਦੀ ਬਰਫ਼ਾਨੀ ਏਕਾਂਤ ਯੋਗ ਅਭਿਆਸ ਲਈ ਇਕ ਅਨੁਕਲ ਠਾਹਰ ਸੀ। ਬੜੇ ਬੜੇ ਤਪੱਸਵੀ ਵੀ ਆਮ ਤੌਰ ਤੇ ਕਿਸੇ ਸਾਕਾਮ ਮਨੋਰਥ ਸਿੱਧੀ ਲਈ ਤਪੱਸਿਆ ਕਰਦੇ ਹਨ। ਪਰ ਗੁਰੂ ਜੀ ਦੀ ਸਾਧਨਾ ਐਸੀ ਨਹੀਂ ਸੀ, ਉਨ੍ਹਾਂ ਦੀ ਘਾਲ ਕੇਵਲ ਇਕ ਨਿਸ਼ਕਾਮ ਰੂਹਾਨੀ ਪ੍ਰਯਤਨ ਸੀ, ਉਨ੍ਹਾਂ ਦੀ ਕੋਸ਼ਿਸ ਪਰਮ ਤੱਤ ਦੀ ਪ੍ਰਾਪਤੀ ਸੀ। ਉਹ ਇਸ ਉਦੇਸ਼ ਵਿਚ ਸਫ਼ਲ ਸਨ। ਉਨ੍ਹਾਂ ਨੇ ਕਿਹਾ ਹੈ :

ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥...॥੩॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

ਇਹ ਬੜੀ ਭਾਰੀ ਕਾਮਯਾਬੀ ਸੀ। ਚਾਹੇ ਪਰਾਚੀਨ ਆਦਰਸ਼ਵਾਦੀ ਫ਼ਿਲਾਸਫ਼ੀ ਅਨੁਸਾਰ ਇਹ ਪੂਰਣ ਉਦੇਸ਼ ਪ੍ਰਾਪਤੀ ਸੀ, ਪਰ ਅਮਲੀ ਜ਼ਿੰਦਗੀ ਦੀਆਂ ਲੋੜਾਂ ਦੇ ਮੁਤਾਬਿਕ ਇਹ ਆਖ਼ਰੀ ਗੱਲ ਨਹੀਂ ਸੀ। ਇਹ ਸਫ਼ਲਤਾ ਇਕ ਵਿਅਕਤੀ ਦੀ ਨਿੱਜੀ ਮੁਕਤੀ ਦੇ ਲਿਹਾਜ਼ ਨਾਲ ਤਾਂ ਠੀਕ ਸੀ ਪਰ ਸਮੇਂ ਦੀ ਲੋੜ ਨੇ ਕੁਛ ਹੋਰ ਤਰ੍ਹਾਂ ਦੀ ਹਾਲਤ ਪੈਦਾ ਕਰ ਦਿੱਤੀ ਸੀ ਜਿਸ ਵਿਚ ਨਿੱਜੀ ਸੁਖ ਤੋਂ ਉਪਰ 'ਲੋਕ ਭਲਾਈ' ਦੀ ਮੰਗ ਸੀ। ਲੋਕ ਭਲਾਈ ਦੀ ਮੰਗ ਕੋਈ ਮਾਮੂਲੀ ਗੱਲ ਨਹੀਂ ਸੀ। ਇਹ ਨਿਰਾ ਸ਼ੁਭ ਇਛਾਵਾਂ ਦਾ ਸੰਕਲਪ ਦਾਨ ਨਹੀਂ ਸੀ, ਨਾ ਹੀ ਇਹ ਕੇਵਲ ਹਮਦਰਦੀ ਦੇ ਪ੍ਰਗਟਾਉ ਦਾ ਜ਼ਬਾਨੀ ਜਮ੍ਹਾ ਖ਼ਰਚ ਸੀ। ਇਹ ਸਿਲਸਿਲਾ ਹੋਰ ਸੀ, ਇਹ ਆਪਣੇ ਜ਼ਾਤੀ ਆਰਾਮ ਦੇ ਸੁਖ ਆਸਨ ਨੂੰ ਤਿਆਗ ਕੇ, ਲੋਕਾਂ ਦੇ ਸਾਂਝੇ ਦੁਖ ਨੂੰ ਮਹਿਸੂਸ ਕਰਕੇ ਉਸ ਦਾ ਉਧਾਰ ਕਰਨ ਦਾ ਉਪਰਾਲਾ ਸੀ। ਇਸ ਯਤਨ ਦਾ ਬਿਉਹਾਰ ਹੋਰ ਸੀ, ਇਸ ਦੀ ਤਕਨੀਕ ਜੁਦਾ ਸੀ। ਇਸ ਦੀ ਵਿਧੀ ਅਡਰੀ ਸੀ। ਇਹ ਕੁਰਬਾਨੀ ਦਾ ਰਾਹ ਸੀ, ਇਹ ਉਹ ਮਾਰਗ ਸੀ, ਜਿਸ ਵਿਚ ਇਕ ਹਸਤੀ ਸਮੁੱਚੇ ਸਮਾਜ ਨੂੰ ਉੱਚਾ ਕਰਨ ਦੇ ਪ੍ਰੇਮ ਜਜ਼ਬੇ ਵਿਚ ਆਪਣੇ ਆਪ ਨੂੰ ਭੇਟ ਕਰਦੀ ਹੈ। ਇਹ ਪਰਉਪਕਾਰ ਦੀ ਜਗਵੇਦੀ ਉਪਰ ਆਪਣੇ ਆਪੇ ਦੇ ਬਲੀ-ਦਾਨ ਦੀ ਕਾਰਜ ਵਿਧੀ ਹੈ।

ਸ੍ਰੀ ਗੁਰੂ ਜੀ ਨੇ ਉਸੇ ਟਿਕਾਣੇ ਤਪ ਕੀਤਾ ਸੀ ਜਿਥੇ ਪੰਡ ਰਾਜ ਨੇ ਯੋਗ ਕਮਾਇਆ ਸੀ। ਪੰਡ ਰਾਜ ਦੇ ਵੇਲੇ ਤੋਂ ਤਪੱਸਿਆ ਵੀ ਯੋਗ ਦਾ ਇਕ ਅੰਗ ਸੀ। ਭਾਰਤਵਰਸ਼ ਦੇ ਅਧਿਆਤਮਕ ਪ੍ਰਯਤਨਾਂ ਹੇਠ ਯੋਗ ਇਕ ਜ਼ਰੂਰੀ ਤੱਤ ਸੀ। ਛੇਕੜ ਯੋਗ ਦੀ ਪ੍ਰਥਾ ਇਤਨੀ ਵਧੀ ਕਿ ਤਪੱਸਿਆ ਵੀ ਇਕ ਯੋਗ ਦਾ ਅੰਗ ਬਣ ਕੇ ਰਹਿ ਗਈ।

ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਜਿਸ ਵੇਲੇ ਇਹ ਦੇਖਿਆ ਜਾਏ ਕਿ ਯੋਗ ਦਰਸ਼ਨ ਦੀ ਸਾਰੀ ਸਾਧਨ ਪਧਤੀ ਵਿਚ 'ਤਪ' ਇਕ ਛੋਟਾ ਅੰਸ਼ ਹੈ। ਯੋਗ ਦੇ ਅੱਠ ਅੰਗ ਪ੍ਰਸਿਧ ਹਨ। ਉਨ੍ਹਾਂ ਅੱਠਾਂ ਵਿਚੋਂ ਇਕ ਅੰਗ ਦਾ ਨਾਮ ਨਿਯਮ ਹੈ ਜਿਸ ਦਾ ਇਕ ਭਾਗ 'ਤਪ' ਹੈ। (ਯੋਗ ਦਰਸ਼ਨ, ii ੩੨)।

ਗੁਰੂ ਜੀ ਦਾ ਤਪ ਵੀ ਯੋਗ ਸਾਧਨਾ ਸੀ। ਸ੍ਰੀ ਗੁਰੂ ਜੀ ਦੇ ਪਿਤਾ ਮਾਤਾ ਨੇ ਵੀ ਅਨੇਕ ਪ੍ਰਕਾਰ ਦੀਆਂ ਯੋਗ ਸਾਧਨਾਂ ਕੀਤੀਆਂ ਸਨ, ਜੈਸਾ ਕਿ ਉਨ੍ਹਾਂ ਆਪ ਲਿਖਿਆ ਹੈ :

ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥

**(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)**

ਯੋਗ ਵੀ ਕਈ ਪ੍ਰਕਾਰ ਦਾ ਹੈ। ਗੁਰੂ ਜੀ ਨੇ ਜੋ ਯੋਗ ਵਿਧੀ ਅਪਣਾਈ ਉਹ ਐਸੀ ਮਲੂਮ ਹੁੰਦੀ ਹੈ ਜੋ ਇਸ ਗੱਲ ਦੇ ਸਿਧਾਂਤ ਨੂੰ ਮੰਨਦੀ ਹੋਵੇ ਕਿ ਜੀਵ ਅਤੇ ਪਰਮ ਤੱਤ ਸਾਧਨਾ ਦੇ ਫਲਸਰੂਪ ਇਕ ਰੂਪ ਹੋ ਜਾਂਦੇ ਹਨ। ਇਹ ਗੱਲ ਪਤੰਜਲੀ ਦੇ ਯੋਗ ਉਪਰ ਨਹੀਂ ਘਟਦੀ। ਉਸ ਮੁਤਾਬਿਕ ਪਰਮਾਤਮਾ ਨਾਲ ਅਭੇਦਤਾ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਜੀਵ ਦੀ ਮੁਕਤੀ ਇਸੇ ਗੱਲ ਵਿਚ ਹੈ ਕਿ ਉਹ ਪ੍ਰਕਿਰਤੀ ਦੇ ਬੰਧਨ ਤੋਂ ਛੁਟ ਜਾਵੇ, ਵਿਸ਼ਯ ਵਿਕਾਰਾਂ ਤੋਂ ਛੁਟਕਾਰਾ ਪਾ ਲਵੇ, ਕਰਮਾਂ ਦੇ ਸੰਸਕਾਰਾਂ ਅਤੇ ਵਾਸਨਾ ਤੋਂ ਬੰਧਨ ਮੁਕਤ ਹੋ ਜਾਵੇ ਅਤੇ ਅੰਤ ਵਿਚ ਆਪਣੇ ਸਰੂਪ ਵਿਚ ਇਸਥਿਤ ਹੋ ਜਾਵੇ। ਪਤੰਜਲੀ ਯੋਗ ਨੂੰ ਹੀ ਅਸ਼ਟਾਂਗ ਯੋਗ ਕਹਿੰਦੇ ਹਨ, ਆਮ ਬੋਲ ਚਾਲ ਵਿਚ ਇਹੋ ਰਾਜਯੋਗ ਹੈ।

ਹਠਯੋਗ ਅਤੇ ਰਾਜਯੋਗ ਦੇ ਸਿਧਾਂਤਾਂ ਵਿਚ ਫ਼ਰਕ ਹੈ। ਰਾਜਯੋਗ ਪੁਰਸ਼ ਅਤੇ ਪ੍ਰਕਿਰਤੀ ਨੂੰ ਮੰਨਦਾ ਹੈ। ਹਠ ਯੋਗੀ ਵੀ ਪੁਰਸ਼ ਅਤੇ ਪ੍ਰਕਿਰਤੀ ਨੂੰ ਮੰਨਦੇ ਹਨ। ਫ਼ਰਕ ਇਹ ਹੈ ਕਿ ਰਾਜਯੋਗ ਦਾ ਨਿਸ਼ਾਨਾ ਇਹ ਹੈ ਕਿ ਪੁਰਸ਼ ਕਿਸੇ ਤਰ੍ਹਾਂ ਪ੍ਰਕਿਰਤੀ ਤੋਂ ਅਤੇ ਇਸਦੇ ਕਰਮ ਸੰਸਕਾਰਾਂ ਤੋਂ ਅਲਗ ਹੋਵੇ। ਇਸ ਸੰਬੰਧ ਵਿਚ ਇਕ ਗੱਲ ਹੋਰ ਵੀ ਹੈ, ਰਾਜਯੋਗ ਵਿਚ ਜਿਸ ਈਸ਼ਵਰ ਦਾ ਜ਼ਿਕਰ ਹੈ ਉਸ ਦੇ ਲੱਛਣ ਵੀ

ਵਿਚਾਰਨ ਗੋਚਰੇ ਹਨ। ਉਹ ਈਸ਼ਵਰ ਸਰਬੱਗ ਤਾਂ ਹੈ :

तत्र निरतिशयं सर्वज्ञबीजम्
(I.25)

ਪਰ ਉਹ ਸਰਬ ਸ਼ਕਤੀਮਾਨ ਨਹੀਂ। ਗੁਰੂ ਜੀ ਦੀ ਈਸ਼ਵਰ ਸੰਬੰਧੀ ਭਾਵਨਾ ਸਰਬ ਸ਼ਕਤੀਮਾਨਤਾ ਦਾ ਤਸੱਵਰ ਗ੍ਰਹਿਣ ਕਰਦੀ ਹੈ। ਇਸੇ ਕਰਕੇ ਉਨ੍ਹਾਂ ਆਪਣੇ ਆਦਰਸ਼ ਵਿਚ ਪ੍ਰਭੂ ਨੂੰ 'ਅਮਿਤੋਜ' ਕਿਹਾ ਹੈ, ਗੋਯਾ ਬੇਅੰਤ ਸ਼ਕਤੀ ਵਾਲਾ। ਹਠ ਯੋਗੀ ਪ੍ਰਕਿਰਤੀ ਨੂੰ ਸ਼ਕਤੀ ਰੂਪਾ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਇਹ ਸ਼ਕਤੀ ਸ਼ਿਵ ਦੀ ਹੈ ਜੋ ਪਰਮ ਤੱਤ ਹੈ। ਇਸ ਯੋਗ ਸਾਧਨਾ ਦਾ ਮੱਤ ਇਹ ਹੈ ਕਿ ਇਸ ਸ਼ਕਤੀ ਨੇ ਹੀ ਸਾਰੀ ਰਚਨਾ ਸਾਜੀ ਹੋਈ ਹੈ। ਇਸੇ ਦਾ ਇਹ ਪਸਾਰਾ ਹੈ ਜੋ ਬੰਧਨ ਰੂਪ ਹੈ। ਅਧਿਆਤਮਕ ਉੱਤਮਤਾ ਇਸੇ ਗੱਲ ਵਿੱਚ ਹੈ ਕਿ ਸ਼ਕਤੀ ਮੁੜ ਪਰਮ ਤੱਤ ਵਿਚ ਲੀਨ ਹੋਵੇ। ਇਸ ਵਿਲੀਨਤਾ ਉਤੇ ਹੀ ਜੀਵ ਅਤੇ ਪਰਮ ਤੱਤ ਦਾ ਮਿਲਾਪ ਨਿਰਭਰ ਹੈ। ਗੁਰੂ ਜੀ ਜਿਸ ਵੇਲੇ ਇਹ ਕਹਿੰਦੇ ਹਨ ਕਿ।

ਇਹ ਬਿਧਿ ਕਰਤ ਤਪੱਸਿਆ ਭਯੋ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥...॥੩॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

ਤਾਂ ਇਸ ਵਿਚੋਂ ਸੰਕੇਤ ਮਿਲਦਾ ਹੈ ਕਿ ਇਹ ਉਹ ਯੋਗ ਤਪੱਸਿਆ ਸੀ ਜਿਸ ਦੀ ਸਾਧਨਾ ਵਿਚ ਪ੍ਰਕਿਰਤੀ ਦਾ ਪੁਰਸ਼ ਵਿਚ ਲਯ ਸੀ ਅਤੇ ਜਿਸ ਦੇ ਨਾਲ ਹੀ ਜੀਵ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਸੀ। ਇਹ ਕਿਸ ਤਰ੍ਹਾਂ ਹੋਇਆ? ਉਨ੍ਹਾਂ ਦਾ ਬਚਨ ਹੈ :

ਮਹਾਂ ਕਾਲ ਕਾਲਿਕਾ ਅਰਾਧੀ ॥੨॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

'ਕਾਲਿਕਾ' ਦੇ ਅਰਥ ਗਿਆਨੀਆਂ ਨੇ ਪਰਮਾਤਮਾ ਦੀ ਸ਼ਕਤੀ ਹੀ ਕੀਤਾ ਹੈ। ਇਹ ਸ਼ਕਤੀ ਹਰ ਜਗ੍ਹਾ ਵਿਦਮਾਨ ਹੈ। ਯੋਗੀਆਂ ਦਾ ਮੱਤ ਹੈ ਕਿ ਇਸੇ ਸ਼ਕਤੀ ਦਾ ਤੱਤ ਮਨੁਖ ਦੀ ਦੇਹ ਵਿਚ ਹੀ ਮੌਜੂਦ ਹੈ, ਜਿਸ ਨੂੰ ਕੁੰਡਲਨੀ ਸ਼ਕਤੀ ਕਹਿੰਦੇ ਹਨ। ਇਹ ਮੂਲਾਧਾਰ ਚੱਕਰ ਵਿਚ ਸੁਖਮਨਾ ਦਾ ਮੂੰਹ ਰੋਕ ਕੇ ਸੁਤੀ ਪਈ ਹੈ। ਜਦੋਂ ਉਚਿਤ ਸਾਧਨ ਨਾਲ ਇਸ ਨੂੰ ਜਗਾਇਆ ਜਾਵੇ ਤਾਂ ਇਹ ਸੁਖਮਨਾ ਦੇ ਰਸਤੇ ਉਪਰ ਨੂੰ ਚੜ੍ਹਦੀ ਹੈ। **ਹਠ ਯੋਗ ਪ੍ਰਦੀਪਿਕਾ** ਵਿਚ ਲਿਖਿਆ ਹੈ ਕਿ ਜਦ ਸੁਤੀ ਹੋਈ ਕੁੰਡਲਨੀ ਜਾਗ ਉਠਦੀ ਹੈ ਤਦ ਸਾਰੇ ਕਮਲ ਅਰਥਾਤ ਖਟ ਚਕਰ ਭਿੰਨ ਹੋ ਜਾਂਦੇ ਹਨ (ਕਮਲ ਖਿੱਲ ਜਾਂਦੇ ਹਨ)।

सुप्ता गुरुप्रसादेन यदा जागर्ति कुंडली ।।
तदा सर्वाणि पद्मानि भिद्यंते ग्रंथयाऽपिच ।।२।।

(ਹਠਯੋਗ ਪ੍ਰਦੀਪਿਕਾ, iii ੨)

ਇਹ ਵੀ ਲਿਖਿਆ ਹੈ ਕਿ ਸੁਖਮਨਾ ਨਾੜੀ ਦੇ ਮੱਧ ਵਿਚ ਤਿੰਨ ਗੰਡਾਂ ਹਨ ਜੋ ਇਕ ਖ਼ਾਸ ਕਿਸਮ ਦੇ ਕੁੰਭਕ ਪ੍ਰਾਣਾਯਾਮ ਨਾਲ ਛੁਟ ਜਾਂਦੀਆਂ ਹਨ :

सम्यग्गात्रसमुद्भूतं ग्रंथित्रयविभेदकम् ।।
विशेषणैव कर्तव्य भस्त्राख्यं कुंभकं त्विदम् ।।६७।।

(ਹਠਯੋਗ ਪ੍ਰਦੀਪਿਕਾ, ii, ੬੭)

ਇਸ ਨਾਲ ਕੁੰਡਲਨੀ ਦਾ ਸੁਖਮਨਾ ਮਾਰਗ ਸਾਫ਼ ਹੋ ਜਾਂਦਾ ਹੈ। ਮਤਲਬ ਦੀ ਗੱਲ ਇਹ ਹੈ ਕਿ ਤਪੱਸਿਆ ਦੇ ਯੋਗ ਸਾਧਨਾਂ ਲਈ ਆਸਨ ਦੀ ਲੋੜ ਹੈ। ਆਸਨ ਲਗਾ ਕੇ ਬੈਠਾ ਹੋਇਆ ਮਨੁਖ ਕੇਵਲ ਉਨ੍ਹਾਂ ਅਭਿਆਸਾਂ ਨੂੰ ਹੀ ਪੱਕਾ ਕਰ ਸਕਦਾ ਹੈ ਜੋ ਸਰੀਰ ਨੂੰ ਇਕ ਖ਼ਾਸ ਸਥਿਤੀ ਵਿਚ ਦ੍ਰਿੜ ਰੱਖਿਆਂ ਹੀ ਹੋ ਸਕਦੇ ਹਨ। ਪ੍ਰਾਣਾਯਾਮ, ਬੰਧ, ਮੁਦ੍ਰਾ, ਕੁੰਡਲਨੀ ਦਾ ਜਾਗਣਾ, ਛੇ ਚਕਰਾਂ ਦਾ ਭੇਦਨ, ਗੰਢਾਂ ਦਾ ਖੁਲ੍ਹਣਾ, ਕੁੰਡਲਨੀ ਦਾ ਪਰਮ ਤਤ ਵਿਚ ਲੀਨ ਹੋਣਾ, ਇਹ ਸਾਰੇ ਐਸੇ ਅੰਗ ਹਨ ਜਿਨ੍ਹਾਂ ਦੀ ਉਪਲਭਦੀ ਲਈ ਕਾਇਆਂ ਨੂੰ ਜ਼ਰੂਰੀ ਤੌਰ ਤੇ ਕ੍ਰਿਆਹੀਣ ਨਿਸਚਲ ਅਵਸਥਾ ਵਿਚ ਰੱਖਣਾ ਪੈਂਦਾ ਹੈ। ਗੁਰੂ ਜੀ ਦੀ ਤਪ ਸਾਧਨਾ ਵਿਚ ਵੀ ਜਿਸਮ ਦੀ ਸਥਿਰਤਾ ਜ਼ਰੂਰੀ ਸੀ। ਇਹ ਪਰਮ ਸੁਖ ਦੀ ਅਵਸਥਾ ਸੀ, ਪੂਰਣ ਪਰਮਾਨੰਦ ਸੀ। ਇਸ ਹਾਲਤ ਵਿਚ ਗੁਰੂ ਜੀ ਨੂੰ ਪ੍ਰਭੂ ਦਾ ਹੁਕਮ ਹੁੰਦਾ ਹੈ :

ਅਕਾਲ ਪੁਰਖ ਵਾਚ ॥ ਚੌਪਾਈ ॥
ਮੈਂ ਅਪਨਾ ਸੁਤ ਤੋਹਿ ਨਿਵਾਜਾ ॥
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥
ਕਬਿ ਬਾਚ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਯਾ ॥੪॥
ਚਿਤ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥

ਇਮਿ ਕਹਿ ਕੈ ਇਹ ਲੋਕ ਪਠਾਯੋ ॥੫॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

ਇਨ੍ਹਾਂ ਤੁਕਾਂ ਦੇ ਅਰਥ ਸਪੱਸ਼ਟ ਹਨ। ਗੁਰੂ ਜੀ ਉਸ ਮਿਲਾਪ ਦੀ ਹਾਲਤ ਵਿਚੋਂ ਵਿਛੜਨਾ ਨਹੀਂ ਚਾਹੁੰਦੇ। ਉਹ ਕਿਥੇ ਪਹੁੰਚੇ ਹੋਏ ਸਨ। ਇਹ ਗੱਲ ਬਿਆਨ ਤੋਂ ਬਾਹਰ ਹੈ। ਉਨ੍ਹਾਂ ਦੀ ਬਿਰਤੀ ਦਸਮ ਦੁਆਰ ਵਿਚ ਅਪੜੀ ਹੋਈ ਸੀ, ਉਹ ਪਰਮ ਪੁਰਖ ਦੀ ਘਾਟੀ ਵਿਚ ਮੌਜ ਮੇਲਾ ਮਾਣ ਰਹੇ ਸਨ। ਭਗਤ ਬੇਣੀ ਜੀ ਨੇ ਕਿਹਾ ਹੈ :

ਦਸਮ ਦੁਆਰਾ ਅਗਮ ਅਪਾਰਾ
ਪਰਮ ਪੁਰਖ ਕੀ ਘਾਟੀ ॥...॥੪॥

(ਰਾਮ. ਬੇਣੀ-੧, ਸਫ਼ਾ ੯੭੪)

ਦਸਮ ਦੁਆਰ ਵਿਚ ਪਹੁੰਚਣ ਲਈ ਕੀ ਕੁਛ ਸਾਧਨ ਕਰਨੇ ਪੈਂਦੇ ਸਨ ? ਭਗਤ ਨਾਮਦੇਵ ਜੀ ਨੇ ਕਿਹਾ ਹੈ :

ਇੜਾ ਪਿੰਗੁਲਾ ਅਉਰੁ ਸੁਖਮਨਾ
ਪਉਨੈ ਬੰਧਿ ਰਹਾਉਗੋ।
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ
ਬ੍ਰਹਮ ਜੋਤਿ ਮਿਲਿ ਜਾਉਗੋ ॥੨॥

(ਰਾਮ. ਨਾਮਦੇਉ-੨, ਸਫ਼ਾ ੯੭੩)

ਗੁਰੂ ਜੀ ਨੇ ਕਿਹਾ ਹੈ :

ਮਹਾਂ ਕਾਲ ਕਾਲਿਕਾ ਅਰਾਧੀ ॥੨॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

ਗਿਆਨੀ ਨਰੈਣ ਸਿੰਘ ਨੇ ਇਸ ਦੇ ਅਰਥ ਕੀਤੇ ਹਨ "ਕਾਲਿਕਾ ਵਾਸਿਸਟ ਮਹਾਂ ਕਾਲ ਦੀ ਅਰਾਧਨਾ ਕੀਤੀ।" ਇਸ ਵਿਚੋਂ ਸੰਕੇਤ ਇਹ ਹੈ ਕਿ 'ਸ਼ਕਤੀ ਵਸ਼ਿਸ਼ਟ' ਭਗਵਾਨ ਦੀ ਅਰਾਧਨਾ ਕੀਤੀ। ਯੋਗ ਸਾਧਨਾ ਵਾਲੇ, ਇੜਾ ਪਿੰਗਲਾ ਸੁਖਮਨਾ ਅਤੇ ਸ਼ਕਤੀ ਸੰਚਾਲਣ ਨੂੰ ਜ਼ਰੱਈਆ ਬਣਾਉਂਦੇ ਹਨ ਪਰਮ ਤੱਤ ਨਾਲ ਮਿਲਾਪ ਦਾ। ਦਸਮ ਦੁਆਰ ਤਕ ਕੁੰਡਲਨੀ ਦੀ ਸ਼ਕਤੀ ਦੁਆਰਾ ਪਹੁੰਚ ਇਕ ਮੰਨਿਆ ਪ੍ਰਮੰਨਿਆ ਸਾਧਨ ਹੈ। ਗੁਰੂ ਜੀ ਨੂੰ ਜਦੋਂ ਲੋਕ ਭਲਾਈ ਲਈ 'ਕਲੂ ਵਿਚ ਜਨਮ' ਲੈਣ ਦਾ ਹੁਕਮ ਹੁੰਦਾ ਹੈ ਤਾਂ ਇਹ ਕੋਈ ਮਾਮੂਲੀ ਗੱਲ ਨਹੀਂ ਸੀ। ਸ਼ੰਕਰ ਦਾ ਅਦ੍ਵੈਤ ਮਾਰਗ ਤਿਆਗ ਪ੍ਰਧਾਨ ਹੈ। ਉਹ ਕਰਮ ਤੋਂ ਹਟਾ ਕੇ ਗਿਆਨ ਦੀ ਸਥਾਪਨਾ ਕਰਦਾ ਹੈ। ਪਰੰਤੂ ਇਸ ਦੇ ਉਲਟ ਹੀ 'ਸ਼ਕਤੀ ਵਸ਼ਿਸ਼ਟ ਅਦ੍ਵੈਤ

ਮਾਰਗ' ਹੈ ਜੋ ਕਰਮ ਪ੍ਰਧਾਨ ਹੈ । ਗੁਰੂ ਜੀ ਇਸੇ ਕਰਮਸ਼ੀਲ ਹੁਕਮ ਨੂੰ ਮੰਨ ਕੇ ਕਲੂ ਵਿਚ ਜਨਮ ਧਾਰਦੇ ਹਨ । ਪਰ ਉਨ੍ਹਾਂ ਦਾ ਸੰਬੰਧ ਪੂਰਨ ਰੂਪ ਵਿਚ ਪਰਮ ਪੁਰਖ ਨਾਲ ਬਣਿਆ ਰਹਿੰਦਾ ਹੈ । ਇਹ ਸਿਲਸਲਾ ਕਿਸ ਤਰ੍ਹਾਂ ਜਾਰੀ ਰਹਿੰਦਾ ਹੈ । ਇਹ ਰਿਸ਼ਤਾ 'ਸੁਰਤਿ' ਦੁਆਰਾ ਬਣਿਆ ਰਹਿੰਦਾ ਹੈ । ਉਨ੍ਹਾਂ ਕਿਹਾ ਹੈ :

ਚਿਤ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ ॥ ॥ ੫ ॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਅਧਿਆਯ ੬)

ਉਨ੍ਹਾਂ ਦਾ ਪਹਿਲਾ ਸੰਬੰਧ ਯੋਗ ਤਪੱਸਿਆ ਵੇਲੇ ਕੁੰਡਲਨੀ ਦੀ ਨਾਤੇਦਾਰੀ ਕਰਕੇ ਸੀ, ਹੁਣ ਦੂਜਾ ਸੰਬੰਧ ਸੁਰਤਿ ਦੀ ਰਿਸ਼ਤੇਦਾਰੀ ਕਰਕੇ ਹੈ । ਇਹ ਇਕ ਨੁਕਤੇ ਦੀ ਗੱਲ ਹੈ । ਕੁੰਡਲਨੀ ਲਈ ਲੋੜ ਸੀ, ਆਸਨ ਵਾਲੀ ਸਥਿਰਤਾ ਦੀ, ਮੁਦ੍ਰਾ ਦੀ, ਨਿਸ਼ਚਲਤਾ ਦੀ, ਪਰ ਜਿਸ ਵੇਲੇ ਜ਼ਿੰਦਗੀ ਨੇ ਕੰਮ ਕਰਨੇ ਹੋਣ, ਉਸ ਵੇਲੇ ਪ੍ਰਭੂ ਨਾਲ ਕੁੰਡਲਨੀ ਵਾਲਾ ਰਿਸ਼ਤਾ ਬਦਲ ਕੇ ਸੁਰਤਿ ਦਾ ਹੋ ਜਾਂਦਾ ਹੈ । ਹਠਯੋਗ ਦੀਆਂ ਮੁਦ੍ਰਾਂ ਵਿਚ ਯੋਗੀ ਦਾ ਜਿਸਮ ਜੜ੍ਹਵਤ ਹੋ ਜਾਂਦਾ ਹੈ, ਉਸ ਦੀ ਦੇਹ ਲਕੜ ਵਾਕੁਣ ਹੋ ਜਾਂਦੀ ਹੈ, ਲਿਖਿਆ ਹੈ :

**काष्ठवज्जायते देह उन्मन्यावस्थया ध्रुवम ॥**
**न जानाति स शीतोष्ण न दु खं न सुख तथा ॥५३॥**

(ਨਾਦ ਬਿੰਦੂ ਉਪਨਿਸ਼ਦ ॥ ੫੩ ॥)

ਪਰ ਸੁਰਤਿ ਵਾਲਾ ਬੰਦਾ ਅਮਲੀ ਜੀਵਨ ਜੀ ਸਕਦਾ ਹੈ, ਉਹ ਘੋੜੇ ਦੀ ਸਵਾਰੀ ਕਰ ਸਕਦਾ ਹੈ । ਉਹ ਜੰਗ ਦੇ ਮੈਦਾਨ ਵਿਚ ਲੋਹਾ ਲੈ ਸਕਦਾ ਹੈ । ਸੁਰਤਿ ਵਾਲਾ ਬੰਦਾ ਪਰਉਪਕਾਰ ਦੇ ਉਤਸ਼ਾਹ ਵਿਚ ਰਹਿੰਦਾ ਹੈ, ਉਹ ਬਲੀਦਾਨ ਦੀ ਉਮੰਗ ਵਿਚ ਵਿਚਰਦਾ ਹੈ, ਉਹ ਗੁਰਮੁਖ ਹੈ, ਉਹ ਜੀਵਨ ਮੁਕਤ ਹੈ । ਭਾਈ ਗੁਰਦਾਸ ਜੀ ਨੇ ਕਿਹਾ ਹੈ :

ਗੁਰਮੁਖ ਸੁਨਣਾ ਸੁਰਤ ਕਰ ਪੰਚ ਸ਼ਬਦ
ਗੁਰ ਸ਼ਬਦ ਅਲਾਪੈ ॥
...॥ ਘਰ ਬਾਰੀ ਜੀਵਨ ਮੁਕਤ ਲਹਰ ਨਹੀਂ
ਲਬ ਲੋਭ ਵਿਆਪੈ ॥

(ਵਾਰਾਂ ਭਾਈ ਗੁਰਦਾਸ, vi, ੧੮)

ਇਸ ਦਾ ਭਾਵ ਹੈ ਕਿ ਗੁਰਮੁਖ (ਸੁਰਤਿ ਵਾਲਾ ਬੰਦਾ), ਗੁਰਸ਼ਬਦ ਦਾ ਅਲਾਪ ਕਰਦਾ ਹੈ ਅਤੇ ਉਸੇ ਗੁਰਸ਼ਬਦ ਵਿਚ ਹੀ ਸੁਰਤਿ ਦੁਆਰਾ ਪੰਜਾਂ ਸ਼ਬਦਾਂ ਨੂੰ

ਸੁਣਦਾ ਹੈ ।....ਉਸ ਦਾ ਜੀਵਨ ਗ੍ਰਿਹਸਥ ਵਾਲਾ ਘਰਬਾਰੀ ਜੀਵਨ ਹੈ, ਉਸ ਨੂੰ ਲੋਭ ਲਹਿਰ ਨਹੀਂ ਵਿਆਪਦੀ, ਉਹ ਜੀਵਨ ਮੁਕਤ ਹੈ । ਫ਼ਰਕ ਇਤਨਾ ਜ਼ਰੂਰ ਹੈ ਕਿ ਕੁੰਡਲਨੀ ਦੇ ਅਭਿਆਸ ਕਰਕੇ ਜੋ ਸਿਥਲਤਾ ਆ ਗਈ ਸੀ, ਉਹ ਗੱਲ ਸੁਰਤਿ ਦੀ ਕੁਸ਼ਲਤਾ ਵਿਚ ਨਹੀਂ । ਸਗੋਂ ਇਸ ਦੇ ਉਲਟ ਸੁਰਤਿ ਵਿਚ ਸਾਵਧਾਨਤਾ ਹੈ । ਭਾਈ ਗੁਰਦਾਸ ਜੀ ਦਾ ਬਚਨ ਹੈ :

ਸਬਦ ਸੁਰਤ ਨੀਂਦ ਉਘਾੜੀ
ਜਾਗਦਿਆਂ ਸੁਖ ਰੈਣ ਵਿਹਾਣੀ ॥

(ਵਾਰਾਂ ਭਾਈ ਗੁਰਦਾਸ, xxix, ੧੨)

ਇਸ ਦਾ ਤਾਤਪਰਜ, ਹੈ ਕਿ ਸ਼ਬਦ ਸੁਰਤਿ ਦੇ ਪ੍ਰਤਾਪ ਕਰਕੇ ਸਿਥਲਤਾ ਵਾਲੀ ਨੀਂਦ ਉਘੜ ਗਈ, ਹੁਣ ਸਾਵਧਾਨਤਾ ਦੀ ਜਾਗ ਵਿਚ ਸੁਖ ਸੰਜੋਗ ਦੀ ਰਾਤ ਬੀਤਦੀ ਹੈ । ਪਰ ਇਸ ਦਾ ਇਹ ਮਤਲਬ ਨਹੀਂ ਕਿ ਕੁੰਡਲਨੀ ਕਰਕੇ ਦਸਮ ਦੁਆਰ ਨਾਲ ਜੋ ਸੰਬੰਧ ਸੀ ਉਸ ਵਿਚ ਕੋਈ ਘਾਟਾ ਆ ਜਾਂਦਾ ਹੈ । ਦਸਮ ਦੁਆਰ ਵਿਚ ਸੁਰਤਿ ਦੀ ਗੰਮਤਾ ਵੈਸੇ ਹੀ ਹੈ ਜੈਸੇ ਕੁੰਡਲਨੀ ਦੀ । ਸੰਤ ਨਿਰਮਲ ਜੀ ਦਾ ਬਚਨ ਹੈ :

ਮਿਲ ਸਤਿਗੁਰ ਆਪਾ ਦੀਓ ਡਾਰ ॥...॥
ਸੁਰਤਿ ਲਗੀ ਜਾਇ ਦਸਵੇਂ ਦੁਆਰਿ ॥੧॥

(ਸਲੋਕ ਭਗਤਾਂ ਦੇ, ਮੁਫੀਦ ਆਮ ਪ੍ਰੈਸ, ੧੯੦੧. ਸਫ਼ਾ ੨੬੭)

ਪਰ ਇਹ ਗੱਲ ਹੁੰਦਿਆਂ ਹੋਇਆਂ ਵੀ ਸੁਰਤਿ ਵਿਚ ਸਾਵਧਾਨਤਾ ਰਹਿੰਦੀ ਹੈ । ਜੇ ਕੁੰਡਲਨੀ ਅਭਿਆਸੀ ਲਈ 'ਯੋਗੀ' ਪਦ ਵਰਤਦੇ ਹਾਂ ਤਾਂ ਸੁਰਤਿ ਅਭਿ-ਆਸੀ ਲਈ ਭਾਈ ਗੁਰਦਾਸ ਨੇ 'ਗੁਰਮੁਖ' ਪਦ ਵਰਤਿਆ ਹੈ । ਐਸੇ ਗੁਰਮੁਖ ਬਾਬਤ ਹੀ ਕਿਹਾ ਹੈ :

ਦ੍ਰਿਸ਼ਟ ਦਰਸ ਲਿਵ ਸਾਵਧਾਨ ਸਬਦ
ਸੁਰਤ ਚੇਤੰਨ ਸਿਆਣਾ ।
ਨਾਮ ਦਾਨ ਇਸਨਾਨ ਦ੍ਰਿੜ ਮਨ ਬਚ
ਕਰਮ ਕਰੈ ਮੇਲਾਣਾ ॥

(ਵਾਰਾਂ ਭਾਈ ਗੁਰਦਾਸ, xxxii, ੨)

ਇਸ ਦਾ ਮਤਲਬ ਹੈ ਕਿ ਗੁਰਮੁਖ ਦੀ ਜ਼ਿੰਦਗੀ ਅਮਲੀ ਜ਼ਿੰਦਗੀ ਹੈ । ਭਾਵੇਂ ਉਸ ਦੀ ਦ੍ਰਿਸ਼ਟੀ, ਦਰਸ਼ਨ ਦੀ ਲਿਵ ਵਿਖੇ ਰੁਝੀ ਹੋਈ ਹੈ ਤਾਂ ਵੀ ਉਸ ਦੇ ਉਦਮੀ ਜੀਵਨ ਦੀ ਚੁਸਤੀ ਵਿਚ ਫ਼ਰਕ ਨਹੀਂ ਪੈਂਦਾ ਹੈ । ਉਹ ਮਨ ਬਚਨ ਅਤੇ

ਕਰਮ ਕਰਕੇ ਪੂਰਾ ਪ੍ਰਾਕਰਮੀ ਹੈ। ਉਹ ਨਾਮ ਦਾਨ ਇਸ਼ਨਾਨ ਵਿਚ ਵੀ ਤਤਪਰ ਹੈ। ਇਹ ਗੱਲ ਇਸ ਕਰਕੇ ਹੈ ਕਿ ਉਸ ਦੀ ਸੁਰਤਿ ਵਿਚ ਚੇਤੰਨਤਾ ਅਤੇ ਸਾਵਧਾਨਤਾ ਹੈ। ਯੋਗ ਵਾਲੀ ਪਰਮਾਰਥਕ ਅਵਸਥਾ ਜੋ ਸੁਰਤਿ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ, ਉਹੋ ਹੀ ਇਕ ਐਸੀ ਸਾਰਥਕ ਵਸਤੂ ਹੈ ਜੋ ਇਸ ਜ਼ਹਿਰੀਲੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਮਨੁੱਖ ਨੂੰ ਉਚਿਆਂ ਤੇ ਖੁਸ਼ ਰੱਖਦੀ ਹੈ। ਭਾਈ ਗੁਰਦਾਸ ਜੀ ਨੇ ਕਿਹਾ ਹੈ :

ਚੰਦਨ ਸੱਪੀ ਵੇੜਿਆ ਸੀਤਲ ਸ਼ਾਂਤਿ ਸੁਗੰਧ ਵਿਗਾਸੀ।
ਸਾਧ ਸੰਗਤ ਸੰਸਾਰ ਵਿਚ ਸ਼ਬਦ ਸੁਰਤ ਲਿਵ ਸਹਜ ਬਿਲਾਸੀ॥

(ਵਾਰਾਂ ਭਾਈ ਗੁਰਦਾਸ, XV, ੨੧)

ਜਿਹੜੀ ਸੁਰਤਿ ਪ੍ਰਭੂ ਦੇ ਚਰਨਾਂ ਵਿਚ ਜੋੜੀ ਹੈ, ਉਹ ਤਾਰ ਦਾ ਇਕ ਸਿਰਾ ਹੈ, ਉਸੇ ਦਾ ਦੂਜਾ ਸਿਰਾ ਆਪਣੇ ਅੰਦਰ ਹੈ। ਸੁਰਤਿ ਦੀ ਤਾਰ ਵਿਚ ਜੋ ਪ੍ਰੇਮ ਦੀ ਖਿੱਚ ਹੈ ਉਹੋ ਉਸ ਦਾ ਤਣਾਓ ਹੈ। ਇਸ ਦਾ ਇਕ ਸਿਰਾ ਜੋ ਪ੍ਰਭੂ ਚਰਨਾਂ ਦੀ ਖੂੰਟੀ ਵਿਚ ਚੁਭਿਆ ਹੈ ਉਹੋ ਅਨਹਦ ਦੇ ਤਾਨ ਤਰੰਗ ਦਾ ਲਹਰਾਓ ਪ੍ਰਗਟ ਕਰਦਾ ਹੈ। ਉਸੇ ਦੀ ਮੀਂਡ ਦੂਜੇ ਸਿਰੇ ਤਕ ਮਨੁਖ ਦੇ ਹਿਰਦੇ ਵਿਚ ਹਿਲੋਰਾ ਮਾਰਦੀ ਹੈ :

ਬਾਜੇ ਪਰਮ ਤਾਰ ਤਤੁ ਹਰਿ ਕੋ
ਉਪਜੈ ਰਾਗ ਰਸਾਰੰ ॥
ਉਘਟਤ ਤਾਨ ਤਰੰਗਿ ਅਤਿ
ਗਿਆਨ ਗੀਤ ਬੰਧਾਨੰ ॥

(ਦਸਮ ਗ੍ਰੰਥ, ਹਜਾਰੇ ਸ਼ਬਦ, ਰਾਮਕਲੀ ੨,੨-੫)

( VI )

ਗੁਰੂ ਗ੍ਰੰਥ ਸਾਹਿਬ ਵਿਚ ਕੁੰਡਲਨੀ ਵਾਲੀ ਪ੍ਰਥਾ ਨੂੰ ਤਿਆਗ ਕੇ ਸੁਰਤਿ ਦੇ ਮਾਰਗ ਨੂੰ ਪ੍ਰਧਾਨਤਾ ਦਿੱਤੀ ਹੈ। ਕੁੰਡਲਨੀ ਛੇ ਚੱਕਰਾਂ ਦਾ ਭੇਦਨ ਕਰਕੇ ਉਪਰ ਨੂੰ ਚੜ੍ਹਦੀ ਹੈ। ਵੈਸੇ ਹੀ ਛੇ ਚੱਕਰਾਂ ਦੇ ਸੰਬੰਧ ਵਿਚ ਸੁਰਤਿ ਦਾ ਜ਼ਿਕਰ ਹੈ। ਯਥਾ :

ਉਲਟਤ ਪਵਨ ਚਕ੍ਰ ਖਟੁ ਭੇਦੇ
ਸੁਰਤਿ ਸੁੰਨ ਅਨਰਾਗੀ॥ ॥੧॥

(ਗਉੜੀ (ਬੈਰਾਗ) ਕਬੀਰ-੪੭, ਸਫ਼ਾ ੩੩੩)

ਗੁਰੂ ਨਾਨਕ ਸਾਹਿਬ ਦਾ ਵਾਕ ਹੈ :

ਖਟੁ ਮਟੁ ਦੇਹੀ ਮਨੁ ਬੈਰਾਗੀ ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥

(ਰਾਮ. ਅਸਟ. ਮਹਲ ੧—੩, ਸਫ਼ਾ ੯੦੩)

ਇਸ ਦਾ ਭਾਵ ਹੈ : ਛੇ ਚੱਕਰਾਂ ਵਾਲੀ ਦੇਹ ਇਕ ਮਠ ਹੈ । ਇਸ ਵਿਚ ਜੀਵ ਆਤਮਾ ਯੋਗੀ ਰੂਪ ਬੈਰਾਗੀ ਬੈਠਾ ਹੈ । ਅੰਦਰ ਅਨਹਦ ਸ਼ਬਦ ਵਜ ਰਿਹਾ ਹੈ, ਉਸ ਦੀ ਧੁਨ ਵਿਚ ਸੁਰਤਿ ਜਾਗ ਉਠੀ ਹੈ, ਮੇਰਾ ਮਨ ਲੀਣ ਹੋ ਰਿਹਾ ਹੈ, ਇਹ ਗੁਰੂ ਦੇ ਬਚਨਾਂ ਦੀ ਬਰਕਤ ਹੈ ਕਿ ਮੇਰਾ ਨਿਸਚਾ ਨਾਮ ਵਿਚ ਪਤੀਜ ਗਿਆ ਹੈ ।

ਕੁੰਡਲਨੀ ਅਤੇ ਸੁਰਤਿ ਵਿਚ ਇਕ ਹੋਰ ਵੀ ਫ਼ਰਕ ਹੈ । ਉਹ ਫ਼ਰਕ ਹੈ ਰੰਡੀ ਅਤੇ ਸੁਹਾਗਣ ਦਾ । ਤੰਤ੍ਰ ਗ੍ਰੰਥਾਂ ਵਿਚ ਕੁੰਡਲਨੀ ਨੂੰ 'ਬਾਲ ਰੰਡਾ' ਕਿਹਾ ਹੈ, ਛੋਟੀ ਉਮਰ ਦੀ ਵਿਧਵਾ । ਹਠਯੋਗ ਪ੍ਰਦੀਪਿਕਾ ਨੇ ਵੀ ਇਹ ਨਾਮ ਦਿਤਾ ਹੈ :

**इडापिंगलयोर्मध्ये बालरंडा च कूंडली ॥**

(ਹਠਯੋਗ ਪ੍ਰਦੀਪਿਕਾ, iii, ੧੧੦)

ਇਸ ਨੂੰ ਬਾਲ ਰੰਡਾ ਕਿਉਂ ਕਹਿੰਦੇ ਹਨ, ਇਸ ਦਾ ਉਤਰ ਦੇਣਾ ਕਠਿਨ ਹੈ ਜਦ ਕਿ ਕੁੰਡਲਨੀ ਦੇ ਪ੍ਰਯਾਯ ਵਾਚੀ ਨਾਵਾਂ ਦੀ ਮੰਨੀ ਹੋਈ ਸੂਚੀ ਇਸ ਪ੍ਰਕਾਰ ਹੈ ।

ਕੁਟਿਲਾਂਗੀ, ਕੁੰਡਲਿਨੀ, ਭੁਜੰਗੀ, ਸ਼ਕਤੀ, ਈਸ੍ਵਰੀ, ਕੁੰਡਲੀ ਅਰੁੰਧਤੀ ।

(ਹਠਯੋਗ ਪ੍ਰਦੀਪਿਕਾ, iii, ੧੦੪)

ਪਰ ਇਕ ਗੱਲ ਪ੍ਰਗਟ ਹੈ ਕਿ ਖਾਸ ਖਾਸ ਤਾਂਤ੍ਰਿਕ ਮਰਯਾਦਾ ਵਿਚ ਵਾਮਾ-ਚਾਰ ਦਾ ਜ਼ੋਰ ਰਿਹਾ ਹੈ । ਸਹਜਯਾਨੀ ਸਿਧਾਂ ਵਿਚ ਵੀ ਪੰਜ ਮਕਾਰਾਂ ਦੀ ਵਰਤੋਂ ਜ਼ਰੂਰੀ ਸਮਝੀ ਜਾਂਦੀ ਸੀ । ਪੰਜ ਮਕਾਰਾਂ ਤੋਂ ਮਤਲਬ ਉਨ੍ਹਾਂ ਪੰਜ ਜਿਨਸਾਂ ਦਾ ਇਸਤਿਮਾਲ ਹੈ ਜੋ 'ਮ' ਅਖਰ ਨਾਲ ਸ਼ੁਰੂ ਹੁੰਦੀਆਂ ਹਨ : ਮਧ, ਮਛੀ, ਮਾਸ, ਮੈਥੁਨ ਮੁਦ੍ਰਾ । ਹਠਯੋਗ ਦੀਆਂ ਕਈ ਵਿਧੀਆਂ ਇਸੇ ਵਿਚਾਰਧਾਰਾ ਦੀ ਅੰਸ਼ ਹਨ : ਯਥਾ ਬਜ੍ਰੋਲੀ ਮੁਦ੍ਰਾ ਆਦਿਕ (ਹਠਯੋਗ ਪ੍ਰਦੀਪਿਕਾ, iii, 83) । ਸੋ ਇਸ ਪ੍ਰਕਾਰ ਦੇ ਸ੍ਵ-ਤੰਤਰ ਚਿੰਤਨ ਵਿਚ ਕੁੰਡਲਨੀ ਨੂੰ ਬਾਲ ਰੰਡਾ ਕਹਿ ਦੇਣਾ ਸੁਭਾਵਕ ਗੱਲ ਹੀ ਸੀ । ਪਰ ਸੁਰਤਿ ਦੇ ਸੰਬੰਧ ਵਿਚ ਇਹ ਗੱਲ ਨਹੀਂ ।

ਸਾਧਨ ਰੰਡੇ ਨ ਬੈਸਈ ਜੋ ਸਤਿਗੁਰ ਮਾਹ ਸਮਾਇ ॥...॥

ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥ ੪ ॥
ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥... ॥ ੫ ॥
ਸ਼ੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥...॥ ੬ ॥
(ਸਿਰੀ. ਅਸਟ, ਮਹਲਾ ੧-੨ ਸਫ਼ਾ ੫੪)

ਫੇਰ ਕਿਹਾ ਹੈ :

ਮ: ੩॥ ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥
ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥ ੧ ॥
(ਮਲਾਰ (ਵਾਰ) ਮਹਲਾ ੧-੧੭, ਸਫ਼ਾ ੧੨੮੫)

ਸਪੱਸ਼ਟ ਹੈ ਕਿ ਸੁਰਤਿ ਅਤੇ ਸ਼ਬਦ ਦੇ ਲਾਗਵੇਂ ਵਿਸ਼ਯ ਵਿਚ 'ਸੋਹਾਗਣ' ਪਦ ਨੂੰ ਦ੍ਰਿੜ੍ਹਤਾ ਦਿੱਤੀ ਹੈ। ਇਹ ਵਿਚਾਰਧਾਰਾ ਉਸ ਭਾਵ ਦੇ ਐਨ ਉਲਟ ਹੈ ਜੋ ਕੁੰਡਲਨੀ ਨੂੰ ਬਾਲ ਰੰਡਾ ਕਹਿਣ ਨਾਲ ਇਸ ਵਿਚ ਪੰਜ ਮਕਾਰਾਂ ਦੀ ਵਿਧੀ ਵਾਸ਼ਨਾ ਦੀ ਹਵਾੜ ਪੈਦਾ ਕਰ ਦੇਂਦੀ ਹੈ।

ਜੈਸਾ ਕਿ ਅਸੀਂ ਪਿਛੇ ਦੇਖ ਆਏ ਹਾਂ ਸੰਤ ਗੁਲਾਲ ਸਾਹਿਬ ਨੇ ਸੁਰਤਿ ਨੂੰ ਸੋਹਾਗਣ ਹੀ ਕਿਹਾ ਹੈ :

ਸੁਖਮਨ ਸੇਜ ਜੇ ਸੁਰਤਿ ਸੋਹਾਗਿਨਿ
ਨਿਰਗੁਣ ਕੰਤ ਪਿਆਰੀ ॥੧॥
(ਗੁਲਾਲ ਸਾਹਿਬ ਕੀ ਬਾਣੀ, ਬੇਲਵੇਡਿਯਰ ਪ੍ਰੈਸ, ੧੯੧੦ ਸਫ਼ਾ ੧੩੪)

ਸੁਰਤਿ ਪਦ ਦੀ ਵਰਤੋਂ ਐਸੇ ਬਿਆਨਾਂ ਵਿਚ ਜਿਨ੍ਹਾਂ ਦਾ ਛੇ ਚੱਕਰਾਂ ਨਾਲ ਸੰਬੰਧ ਹੈ ਬੜੀ ਅਰਥ ਪੂਰਣ ਹੈ। ਕਬੀਰ ਜੀ ਨੇ ਸੁਰਤਿ ਨੂੰ ਸੁੰਨ ਅਨਰਾਗੀ ਵੀ ਕਿਹਾ ਹੈ :

ਉਲਟਤ ਪਵਨ ਚਕ੍ਰ ਖਟੁ ਭੇਦੇ
ਸੁਰਤਿ ਸੁੰਨ ਅਨਰਾਗੀ ॥...॥੧॥
(ਗਉੜੀ (ਬੈਰਾਗ.) ਕਬੀਰ-੪੭, ਸਫ਼ਾ ੩੩੩)

ਯੋਗ ਗ੍ਰੰਥਾਂ ਵਿਚ ਕੁੰਡਲਨੀ ਨਾਲ ਲਾਗਵਾਂ ਵਿਸ਼ਯ ਸੁੰਨ ਦਾ ਹੈ। ਤਿੰਨ ਪ੍ਰਕਾਰ ਦੀ ਸੁੰਨ ਸਾਧਾਰਣ ਤੋਰ ਤੇ ਮੰਨੀ ਜਾਂਦੀ ਹੈ : ਸੁੰਨ, ਅਤਿ ਸ਼ੂਨਯ, ਮਹਾਂ ਸ਼ੂਨਯ। ਪਹਿਲੀ ਪ੍ਰਕਾਰ ਦੀ ਸੁੰਨ ਦਾ ਥਾਂ ਤਾਂ ਅਨਹਦ ਚਕਰ ਵਿਚ ਹੈ, ਜੋ ਚੌਥਾ ਚਕਰ ਹੈ ਅਤੇ ਜੋ ਹਿਰਦੇ ਅਸਥਾਨ ਵਿਖੇ ਹੈ, ਪਰ ਅਤਿ ਸੁੰਨ ਵਿਸੁਧਾ ਚਕਰ (ਪੰਜਵੇਂ ਚੱਕਰ) ਵਿਚ ਹੈ ਜੋ ਕੰਠ ਅਸਥਾਨ ਵਿਖੇ ਹੈ। ਛੇਵਾਂ ਚੱਕਰ ਆਗਿਆ ਚੱਕਰ ਹੈ ਜੋ ਭਰਵਟਿਆਂ ਦੇ ਮਧ ਵਿਚ ਤ੍ਰਿਕੁਟੀ ਵਿਖੇ ਹੈ।

ਇਥੇ ਮਹਾਂਸ਼ੁਨਯ ਹੈ[1]। ਸੁਖਮਨਾ ਨਾੜੀ ਦਾ ਦੂਜਾ ਨਾਮ ਸ਼ੁੰਨ ਨਾੜੀ ਵੀ ਹੈ[2]। ਇਸੇ ਦੀ ਸ਼ੁੰਨ ਦੇ ਵਿਚੋਂ ਕੁੰਡਲਨੀ ਜਿਸ ਵੇਲੇ ਉਪਰ ਨੂੰ ਚੜ੍ਹਦੀ ਹੈ ਤਦ ਸੁਖਮਨਾ ਦਾ ਰਾਹ ਖੁਲ੍ਹ ਜਾਂਦਾ ਹੈ। ਪ੍ਰਾਣਵਾਯੂ ਵੀ ਇਸੇ ਰਸਤੇ ਉਪਰ ਵੱਲ ਚੜ੍ਹਦੀ ਹੈ, ਉਸ ਵੇਲੇ ਕਿਸਮ ਕਿਸਮ ਦੇ ਰਾਜਿਆਂ ਦੇ ਨਾਦ ਸੁਣਾਈ ਦੇਂਦੇ ਹਨ[3]। ਇਸ ਦਾ ਇਸ਼ਾਰਾ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੈ :

ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ ॥...॥੧।

(ਮਲਾਰ (ਵਾਰ) ਮਹਲਾ ੧—੨੭, ਸਫ਼ਾ ੧੨੯੧)

ਕੁੰਡਲਨੀ ਅਤੇ ਸੁਰਤਿ ਵਿਚ ਇਤਨੀ ਸਮਾਨਤਾ ਹੁੰਦਿਆ ਹੋਇਆਂ ਵੀ ਘਨੇਰੇ ਫ਼ਰਕ ਹਨ। ਫਰਕ ਆਦਰਸ਼ਾਂ ਵਿਚ ਸੀ। ਯੋਗੀ ਇਸ ਗੱਲ ਦੇ ਚਾਹਵਾਨ ਸਨ ਕਿ ਕਿਸੇ ਤਰ੍ਹਾਂ ਅਸੀਂ ਅਮਰ ਹੋ ਜਾਈਏ। ਉਹ ਇਸੇ ਜਿਸਮ ਨੂੰ ਚਿਰੰਜੀਵ ਕਰਨਾ ਚਾਹੁੰਦੇ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਇਸ ਦੇਹ ਨੂੰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਯੋਗ ਰਸਾਇਣ ਇਸ ਦਾ ਉਪਾਇ ਸੀ। ਲਿਖਿਆ ਹੈ :

---

1. दिव्यदेहश्च तेजस्वी दिव्यगंधस्त्वरोगवान् ॥
संपूर्णहृदय: शून्य आरंभो योगवान्भवेत् ॥ ७१ ॥
विष्णुग्रंथेस्ततो भेदात्परमानंदसूचक ॥
अतिशून्ये विमर्दश्च भेरीशब्दस्तथा भवेत् ॥७३॥
तृतीयायां तु विज्ञेयो विहायोमर्दलध्वनि: ॥
महाशून्यं तदा याति सर्वसिद्धिसमाश्रयम् ॥ ७४ ॥

(ਹਠਯੋਗ ਪ੍ਰਦੀਪਿਕਾ, iv, ੭੧, ੭੩, ੭੪)

ਇਸ ਨੂੰ ਸ਼ੁਨ ਪੱਦਵੀ ਵੀ ਕਿਹਾ ਹੈ।

2. सुषुम्ना शून्यपदवी ब्रह्मरध्रं महापथ: ॥
श्मशानं शांभवी मध्यमार्गश्चेत्येकवाचका: ॥ ॥ ४ ॥

(ਹਠਯੋਗ ਪ੍ਰਦੀਪਿਕਾ, iii, ੪)

3. आदौ जलधिजीमूतभेरीझर्झरसंभवा:
मध्ये मर्दलशंखोत्था घंटाकाहलजास्तथा ॥ ८५ ॥
अन्ते तु किंकिणीवंशवीणाभ्रमरनि:स्वना ॥
इति नानाविधा नादा: श्रूयंते देहमध्यगा: ॥८६॥

(ਹਠਯੋਗ ਪ੍ਰਦੀਪਿਕਾ, iv, ੮੫, ੮੬)

"The body can be kept alive indefinitely if one learns to control the breath (*vayu*, lit 'vital wind') and to apply mercury. Now, this suggests the yoga of the Nath Siddhas, which attempts to master the 'vital wind' and to regulate the secretion of soma..." (Mircea Eliade, *Yoga Immortality and Freedom* p. 283).

ਅੰਦਰ ਅੰਮ੍ਰਿਤ ਦਾ ਕੁੰਡ ਹੈ, ਇਹ ਬ੍ਰਹਮ ਰੰਧਰ ਵਿਚ ਹੈ ਉਥੇ ਚੰਦਰਮਾ ਦੀ ਕਲਾ ਵਿਚੋਂ ਅੰਮ੍ਰਿਤ ਝਰਦਾ ਹੈ। ਜੇ ਇਸ ਨੂੰ ਜ਼ਬਾਨ ਨਾਲ ਚਖਿਆ ਜਾਵੇ ਤਾਂ ਇਛਾ ਪੂਰੀ ਹੋ ਸਕਦੀ ਹੈ। ਇਸ ਲਈ ਖੇਚਰੀ ਮੁਦਰਾ ਦਾ ਯਤਨ ਵਿਸ਼ੇਸ਼ ਸੀ। ਯੋਗ ਸਿਧੀ ਆਖਿਰ ਇਕ ਰਸਾਇਣਿਕ ਤੱਤ ਦੀ ਖੋਜ ਪਿਛੇ ਲਗੀ ਰਹੀ। ਇਸੇ ਦੇਹ ਵਿਚ ਜੀਉਂਦਿਆਂ ਜੀ ਯੋਗ ਵਿਧੀ ਨਾਲ ਕੁਛ ਪਰਿਵਰਤਨ ਲਿਆਉਣਾ ਹੈ। ਇਸ ਦੇ ਸਥੂਲ ਪੰਜ ਭੂਤਾਂ ਨੂੰ ਸੂਖਮ ਤੱਤਾਂ ਵਿਚ ਬਦਲਣਾ ਹੈ। ਅਤੇ ਇਹ ਵਟਾਉ ਯੋਗ ਰਸਾਇਣ ਨਾਲ ਪੈਦਾ ਕਰਨਾ ਹੈ। ਮਰਨੇ ਬਗ਼ੈਰ ਹੀ ਇਹ ਤਬਦੀਲੀ ਲਿਆਉਣੀ ਹੈ ਅਤੇ ਇਸ ਤਰ੍ਹਾਂ ਅਜਰ ਅਮਰ ਹੋ ਜਾਣਾ ਹੈ। ਲਿਖਿਆ ਹੈ :

"Escape from death through the perfection of body was regarded by these yogies as the highest achievement in religious life. As this is essentially the position held also by the Nath Siddhas..."

(Dasgupta, *Obscure Religious Cults*, p. 194.)

ਲਿਖਿਆ ਹੈ ਕਿ ਯੋਗੀ ਆਪਣੀ ਸਿਧੀ ਦੇ ਪ੍ਰਭਾਉ ਨਾਲ ਮੁੜ ਜਵਾਨ ਹੋਣ ਲਗਦਾ ਹੈ, ਉਸ ਦਾ ਬੁਢੇਪਾਪਨ ਖ਼ਤਮ ਹੋ ਜਾਂਦਾ ਹੈ। ਉਹ ਸੋਲਾਂ ਸਾਲਾਂ ਦੇ ਸੁਕ-ਮਾਰ ਬਾਲਕ ਵਾਕੁਣ ਹੋ ਜਾਂਦਾ ਹੈ। ਕਥਨ ਹੈ :

योगी जराविनिर्मुक्तः षोडशो वयसा भवेत् ।

(ਸ਼ਾਂਡਿਲਯ ਉਪਨਿਸ਼ਦ, i, ੧੩)

ਕੁੰਡਲਨੀ ਦੀ ਵਿਧੀ ਤੋਂ ਹੱਟ ਕੇ ਜਿਸ ਵੇਲੇ ਸੁਰਤਿ ਦਾ ਨੇਮ ਇਖਤਿਆਰ ਕੀਤਾ ਗਿਆ ਤਾਂ ਹਵਾ ਬਦਲ ਗਈ। ਦੇਹ ਨੂੰ ਅਮਰ ਕਰਨ ਦਾ ਟੀਚਾ ਵਟ ਗਿਆ। ਰਿੱਧੀਆਂ ਦੇ ਖਜ਼ਾਨਿਆਂ ਵਿਚ ਕੋਈ ਖਿਚ ਨਾ ਰਹੀ, ਸਿੱਧੀਆਂ ਦੇ ਨਾਟਕ ਚੇਟਕ ਵਲੋਂ ਰੁਚੀ ਹੱਟ ਗਈ। ਸੁਰਤਿ ਵਾਲੇ ਲਈ 'ਕਰਤਬ' ਜ਼ਰੂਰੀ ਹੋ ਗਿਆ। ਧਰਮ ਪ੍ਰਮੁਖ ਹੋ ਗਿਆ। ਧਰਮ ਯੁੱਧ ਲਈ ਅਹਿਸਾਸ ਪੈਦਾ ਹੋ ਗਿਆ, ਮੌਤ ਲਈ

ਚਾਉ ਜਾਗ ਉਠਿਆ, ਗੁਰੂ ਗੋਬਿੰਦ ਸਿੰਘ ਦਾ ਬਚਨ ਹੈ :

ਜਉ ਕਿਛੁ ਇੱਛ ਕਰੋ ਧਨ ਕੀ ਤਉ
ਚਲਯੋ ਧਨੁ ਦੇਸਨ ਦੇਸ ਤੇ ਆਵੈ ।
ਅਉ ਸਬ ਰਿੱਧਨਿ ਸਿੱਧਨ ਪੈ ਹਮਰੋ
ਨਹੀਂ ਨੈਕੁ ਹੀਯਾ ਲਲਚਾਵੈ ।
ਅਉਰ ਸੁਨੋ ਕਛੁ ਜੋਗ ਬਿਖੈ ਕਹਿ
ਕਉਨ ਇਤੋ ਤਪ ਕੈ ਤਨੁ ਤਾਵੈ ॥
ਜੂਝ ਮਰੋ ਰਨ ਮੈ ਤਜਿ ਭੈ ਤੁਮ ਤੇ ਪ੍ਰਭ
ਸਯਾਮ ਇਹੈ ਬਰੁ ਪਾਵੈ ॥ ੧੯੦੧ ॥

(ਦਸਮ ਗ੍ਰੰਥ, ਕ੍ਰਿਸ਼ਨਾਵਤਾਰ, ੧੯੦੧)

ਉਪਰਲੇ ਸ਼ਬਦ ਵਿਚ ਗੁਰੂ ਜੀ ਨੇ ਆਪਣਾ ਆਸ਼ਾ ਪ੍ਰਗਟ ਕੀਤਾ ਹੈ । ਇਸ ਵਿਚ ਉਹ ਉਪਦੇਸ਼ ਹੈ ਜਿਸ ਨੂੰ ਸੁਣ ਕੇ ਅਤੀਤ ਸਾਧੂ ਗੁਰੂ ਜੀ ਦੇ ਸਿੱਖ ਬਣ ਗਏ ਸਨ । ਇਸੇ ਨੂੰ ਸਮਝ ਕੇ ਉਦਾਸੀ ਸਾਧੂ ਕ੍ਰਿਪਾਲ ਭੰਗਾਣੀ ਦੇ ਜੁਧ ਵਿਚ ਉਤਸ਼ਾਹ ਭਰਪੂਰ ਹੋ ਕੇ ਜੂਝ ਉਠਿਆ । ਇਹ ਓਹੋ ਗੁਰਮੰਤ੍ਰ ਹੈ ਜੋ ਬੰਦੇ ਬੈਰਾਗੀ ਉਤੇ ਕਾਰਗਰ ਹੋਇਆ । ਉਸ ਦੀ ਯੋਗ ਬਿਰਤੀ ਬਦਲ ਗਈ । ਉਸ ਦੀ ਕੁੰਡਲਨੀ ਸੌਂ ਗਈ, ਉਸ ਦੀ ਸੁਰਤਿ ਜਾਗ ਉਠੀ । ਨਤੀਜਾ ਜੋ ਹੋਇਆ ਉਹ ਇਤਿਹਾਸ ਦੇ ਪਤ੍ਰਿਆਂ ਵਿਚ ਮੂਰਤੀਮਾਨ ਹੈ ।

## VII

ਭਾਈ ਵੀਰ ਸਿੰਘ ਨੇ ਥਾਂ ਪਰ ਥਾਂ ਸੁਰਤਿ ਉਤੇ ਖ਼ਿਆਲ ਪ੍ਰਗਟ ਕੀਤੇ ਹਨ । ਉਨ੍ਹਾਂ ਦਾ ਆਪਣਾ ਜੀਵਨ ਸੁਰਤਿ ਵਾਲਾ ਜੀਵਨ ਸੀ । ਇਸ ਬਾਰੇ ਉਨ੍ਹਾਂ ਦੇ ਵਿਚਾਰ ਨਿੱਜੀ ਅਨੁਭਵ ਵਿੱਚੋਂ ਨਿਕਲੀਆਂ ਉਕਤੀਆਂ ਹਨ । ਸੁਰਤਿ ਨੂੰ ਦ੍ਰਿਸ਼ਟੀ ਵਿਚ ਹੀ ਰੱਖ ਕੇ ਉਨ੍ਹਾਂ ਨੇ ਗੁਰ ਸਾਹਿਬਾਂ ਦੇ ਜੀਵਨ ਲਿਖੇ ਹਨ । ਕਲਗੀਧਰ ਦੇ ਸੰਬੰਧ ਵਿਚ ਸੁਰਤਿ ਦਾ ਵਿਸ਼ਯ ਬਹੁਤ ਸਪੱਸ਼ਟ ਹੋ ਜਾਂਦਾ ਹੈ ।

ਗੁਰੂ ਜੀ ਨੂੰ ਸਰਹਿੰਦ ਦੇ ਸਾਕੇ ਦੀ ਖ਼ਬਰ ਪਹੁੰਚਦੀ ਹੈ । ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਹਨ । ਗੁਰੂ ਜੀ ਸੁਣਨ ਵਾਲਿਆਂ ਪ੍ਰਤੀ ਬਚਨ ਕਰਦੇ ਹਨ । ਭਾਈ ਸਾਹਿਬ ਨੇ ਇਸ ਕਥਨ ਨੂੰ ਅੰਕਿਤ ਕੀਤਾ ਹੈ । ਇਸ ਵਿਚ ਸੁਰਤਿ ਦੇ ਖ਼ਿਆਲ ਉਪਰ ਦ੍ਰਿਸ਼ਟੀ ਪੈਂਦੀ ਹੈ :

"ਲਾਲ ਅਮਰ ਸਨ, ਅਮਰਾਪੁਰੀ ਤੋਂ

ਆਏ ਸਨ, ਅਮਰਾਪੁਰੀ ਨੂੰ ਚਲੇ ਗਏ।
ਦੇਹਾਂ ਬਿਨਸਨਹਾਰ ਸਨ, ਬਿਨਸਨੀਆਂ
ਸਨ, ਬਿਨਸ ਗਈਆਂ, ਅਜ ਕੀਹ ਤੇ
ਕੱਲ ਕੀਹ ? ਪਰ ਲਾਲ ਧਰਮ ਪੁਰ
ਜਾਨਾਂ ਖੇਡ ਗਏ, ਮਜ਼ਲੂਮਾਂ ਵਿਚ
ਜਾਨ ਭਰ ਗਏ, ਗਿਰਿਆਂ ਨੂੰ ਚਾ
ਗਏ, ਗ਼ੁਲਾਮਾਂ ਨੂੰ ਸੁਤੰਤ੍ਰਤਾ
ਦਾ ਚਾਨਣ ਮੁਨਾਰਾ ਦੇ ਗਏ,
ਪਰਜਾ ਵਿਚ ਰਾਜ ਦਾ ਮਦ
ਭਰ ਗਏ, ਸੁਰਤਾਂ ਵਿਚ ਜਾਨ
ਪਾ ਗਏ।''

(ਸ੍ਰੀ ਕਲਗੀਧਰ ਚਮਤਕਾਰ, ਤੀਜੀ ਐਡੀਸ਼ਨ, ਸਫ਼ਾ ੭੪੯-੫੦)

ਭਾਈ ਸਾਹਿਬ ਨੇ 'ਸੁਰਤਿ ਦੇ ਸੰਨਿਆਸ' ਬਾਬਤ ਲਿਖਿਆ ਹੈ। ਇਹ ਇਕ ਨਵਾਂ ਹੀ ਪ੍ਰਸੰਗ ਹੈ ਜੋ ਉਨ੍ਹਾਂ ਤੋਰਿਆ ਹੈ :

ਇੰਨੇ ਨੂੰ ਸੰਨਿਆਸੀਆਂ ਦੀ
ਜਮਾਤ ਦੇ ਵੱਡੇ ਨੇ ਉੱਠ ਕੇ
ਅਦਬ ਨਾਲ ਬਿਨੈ ਕੀਤੀ : ''ਆਪ
ਗੁਰੂ ਨਾਨਕ ਦੀ ਗੱਦੀ ਦੇ ਮਾਲਿਕ
ਹੋ, ਆਪ ਨੇ ਸੰਨਿਆਸ ਦੀ
ਥਾਂ ਰਜੋ ਗੁਣ ਤੇ ਪਕੜਾਂ
ਸਿਖਾ ਦਿੱਤੀਆਂ ਹਨ। ਹੇ
ਅਵਤਾਰ ਸ਼ਿਰੋਮਣੀ ਜੀ ! ਜਗਤ
ਦੀ ਕਲਿਆਨ ਕੀਕੂੰ ਹੋਵੇਗੀ ?
ਸਤਿਗੁਰ ਅਸਾਂ ਭਾਈ ਸੁਰਤਿ
ਦਾ ਸੰਨਿਆਸ ਸਿਖਾਇਆ ਹੈ,
ਜ਼ਾਹਰਾ ਦਿਖਾਵੇ ਦਾ ਸੰਨਿਆਸ
ਠੀਕ ਨਹੀਂ।

(ਸ੍ਰੀ ਕਲਗੀਧਰ ਚਮਤਕਾਰ, ਤੀਜੀ ਐਡੀਸ਼ਨ, ਸਫ਼ਾ ੬੧੮)

ਭਾਈ ਸਾਹਿਬ ਦਾ ਆਪਣਾ ਜੀਵਨ ਵਿਵਹਾਰਕ ਸੀ। ਆਪਣੀ ਕਿਰਤ

ਕਮਾਈ ਦੀ ਬਰਕਤ ਨਾਲ ਗੁਜ਼ਰਾਨ ਸੀ। ਇਸ ਅਮਲੀ ਜ਼ਿੰਦਗੀ ਦੇ ਭਰਪੂਰ ਝੁਰਮਟਾਂ ਵਿਚ ਫੁਰਸਤ ਦਾ ਕਿਤਨਾ ਕੁ ਹਾਸ਼ੀਆ ਮਿਲਦਾ ਹੈ, ਤੇ ਇਸ ਦੀ ਸੰਭਲੀ ਹੋਈ ਵਰਤੋਂ ਨਾਲ ਕਿਤਨਾ ਕੁ ਸਮੇਟਵਾਂ ਅਸਰ ਸੁਰਤਿ ਦੀਆਂ ਡੂੰਘੀਆਂ ਤੈਹਾਂ ਵਿਚ ਸਿੰਜਰ ਜਾਂਦਾ ਹੈ, ਇਸ ਬਾਰੇ ਉਨ੍ਹਾਂ ਦੀ ਟਿੱਪਣੀ ਹੈ :

ਓਹ (ਮਨੁਖ ਜੇਕਰ) ਕੰਮਾਂ
ਵਾਲੇ ਸਮੇਂ ਵਿਚੋਂ ਵਿਹਲ ਦੀਆਂ
ਮਿਲਦੀਆਂ ਵਿੱਥਾਂ ਨੂੰ ਸੰਭਾਲੇ ਤਾਂ
ਦੇਖੋ ਕਿਨਾਂ ਸਮਾਂ ਮਿਲਦਾ ਹੈ।
ਇਸ ਤਰ੍ਹਾਂ ਵਿਹਲ ਵਾਲੇ ਸਮਿਆਂ
ਵਿਚ ਸਮ੍ਹਾਲਾਂ ਕਰਦਿਆਂ ਯਾਦ
ਮਨ ਵਿਚ ਲਹਿ ਕੇ ਕਿਸੇ ਸਰਤ ਦੇ
ਡੂੰਘੇ ਪਰਤਾਂ ਵਿਚ ਬੈਠ ਜਾਂਦੀ ਹੈ।

(ਸ੍ਰੀ ਗੁਰੂ ਨਾਨਕ ਚਮਤਕਾਰ, ਛੇਵੀਂ ਐਡੀਸ਼ਨ, ਪੂਰਬਾਰਧ, ਸਫਾ ੮੭-੮੮)

ਸੁਰਤਿ ਇਕ ਐਵੇਂ ਕਲਪਨਾ ਮਾਤ੍ਰ ਖ਼ਿਆਲੀ ਚੀਜ਼ ਨਹੀਂ। ਇਹ ਇਕ ਅਸਬਾਤੀ (positive) ਸ਼ੈ ਹੈ। ਇਸ ਦੀ ਆਪਣੀ ਸੱਤਾ ਹੈ। ਸਾਡੀ ਵਿਵਹਾਰਕ ਅਤੇ ਪਰਮਾਰਥਕ ਜ਼ਿੰਦਗੀ ਵਿਚ ਇਹ ਨਿਤ ਪ੍ਰਤੀ ਅਨੁਭਵ ਗੋਚਰ ਹੁੰਦੀ ਹੈ। ਇਸੇ ਗੱਲ ਦਾ ਸਦਕਾ ਇਹ ਸਾਡੀ ਅਜ ਕਲ ਦੀ ਬੋਲੀ ਦੇ ਮੁਹਾਵਰੇ ਵਿਚ ਠੀਕ ਨਿਠ ਕੇ ਬੈਠ ਗਈ ਹੈ। 'ਸੁਰਤਿ ਨੂੰ ਇਹ ਜਗ੍ਹਾ ਦੇਣ ਲਈ ਭਾਈ ਵੀਰ ਸਿੰਘ ਦੇ ਸਾਹਿੱਤ ਨੇ ਵਿਸ਼ੇਸ਼ ਕੰਮ ਕੀਤਾ ਹੈ। ਕਿਰਤ ਕਮਾਈ ਵਾਲੀ ਜ਼ਿੰਦਗੀ ਅਤੇ ਉਸ ਦੇ ਨਾਲ ਸੁਰਤਿ ਦਾ ਸੰਬੰਧ ਉਨ੍ਹਾਂ ਦੀ ਰਚਨਾ ਵਿਚੋਂ ਨਿਖਰ ਆਉਂਦਾ ਹੈ। ਇਕ ਥਾਵੇਂ ਭਾਈ ਸਾਹਿਬ ਨੇ ਲਿਖਿਆ ਹੈ :

ਗੁਰ ਨਾਨਕ ਜੀ ਆਪ ਕਿਰਤੀ ਹਨ,
ਮੋਦੀ ਖਾਨਾ ਟੋਰਦੇ ਹਨ, ਸਾਰਾ ਦਿਨ
ਕੰਮ ਕਰਦੇ ਹਨ, ਪਰ ਸਾਰਾ ਦਿਨ
ਸੁਰਤ ਸਾਈਂ ਵਿਚ ਰਹਿੰਦੀ ਹੈ।

(ਸ੍ਰੀ ਗੁਰੂ ਨਾਨਕ ਚਮਤਕਾਰ, ਛੇਵੀਂ ਐਡੀਸ਼ਨ, ਪੂਰਬਾਰਧ, ਸਫਾ ੮੫)

ਸੁਰਤਿ ਬਾਬਤ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦਾ ਰੁਖ ਕਿਰਤ ਕਮਾਈ ਦੀ ਢਲਵਾਨ ਵਲ ਕਾਫ਼ੀ ਸੀ :

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ

ਹੋਇ ਨਿਰਾਸ ਜਮਾਵਹੁ ॥ ੧ ॥

(ਸੂਹੀ ਮਹਲਾ ੧-੧, ਸਫ਼ਾ ੭੨੮)

ਮਤਲਬ ਇਹ ਹੈ ਕਿ ਜਿਸ ਤਰ੍ਹਾਂ ਦੁਧ ਨੂੰ ਜਾਗ ਲਾਈਦੀ ਹੈ ਦਹੀਂ ਜਮਾਉਣ ਲਈ, ਇਸ ਤਰ੍ਹਾਂ ਆਪਣੇ ਕਿਰਤ ਕਾਰ ਦੇ ਕੰਮਾਂ ਨੂੰ ਸੁਰਤਿ ਦੀ ਜਾਗ ਲਗਾਓ, ਉਹ ਸੁਰਤਿ ਜੋ ਸੰਸਾਰ ਵਲੋਂ ਨਿਰਾਸ਼ ਹੋ ਕੇ ਵਾਹਿਗੁਰੂ ਨਾਮ ਵਿਚ ਜੁੜੀ ਹੋਈ ਹੈ। 'ਸਮਾਇਣੁ' ਦੇ ਅਰਥ 'ਜਾਗ' ਦੇ ਹਨ, ਦਹੀਂ ਜਮਾਉਣ ਦੀ ਜਾਗ। ਫਿਰ ਤਾਕੀਦ ਕੀਤੀ ਹੈ।

ਹਰਿ ਜਨ ਸੰਤ ਕਰਿ ਕਿਰਪਾ ਪਾਗਿ ਲਾਇਣੁ।
ਗੁਰ ਸਬਦੀ ਹਰਿ ਭਜ ਸੁਰਤਿ ਸਮਾਇਣੁ ॥ ੧ ॥

(ਭੈਰਉ ਮਹਲਾ ੪-੧, ਸਫਾ ੧੧੩੪)

ਇਸ ਦਾ ਭਾਵ ਇਹ ਹੈ, ਕਿ ਹਰੀ ਕਿਰਪਾ ਕਰੇ ਤਾਂ ਉਹ ਮਨੁੱਖ ਨੂੰ ਸੰਤ ਜਨਾਂ ਦੀ ਚਰਣੀ ਲਾਉਂਦਾ ਹੈ, ਹੇ ਮਨ ਤੂੰ ਗੁਰੂ ਦੇ ਸ਼ਬਦ ਦੀ ਕਮਾਈ ਕਰ, ਹਰੀ ਨਾਮ ਭਜ ਅਤੇ ਇਸ ਨਾਮ ਦੀ 'ਜਾਗ' ਆਪਣੀ ਸੁਰਤਿ ਵਿਚ ਲਗਾ।

ਨਿਚੋੜ ਇਸ ਉਪਦੇਸ਼ ਦਾ ਇਹ ਹੈ, ਕਿ ਨਾਮ ਦੀ ਜਾਗ ਸੁਰਤਿ ਨੂੰ ਲਗਾਓ, ਸੁਰਤਿ ਦੀ ਜਾਗ ਕਿਰਤ ਕਾਰ ਦੇ ਕੰਮ ਨੂੰ ਲਾਵੋ, ਐਸ ਤਰ੍ਹਾਂ ਪਰਮਾਰਥ ਵਿਚ ਉਨਤੀ ਕਰਦਿਆਂ ਹੋਇਆਂ ਸਫਲ ਅਮਲੀ ਜੀਵਨ ਬਸਰ ਕਰੋ। ਭਾਈ ਸਾਹਿਬ ਵੀਰ ਸਿੰਘ ਨੇ "**ਰਾਣਾ ਸੂਰਤ ਸਿੰਘ**" ਵਿਚ ਲਿਖਿਆ ਹੈ:

ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ
ਚੜ੍ਹਦੀ ਕਲਾ ਨਿਵਾਸ ਸਦ ਹੀ ਰੱਖਣਾ।

ਇਸ ਤੁਕ ਦਾ ਪੂਰਨ ਸਿੰਘ ਉਤੇ ਬੜਾ ਪ੍ਰਭਾਵ ਸੀ। ਪਿਛੇ ਜਿਹੇ ਪੂਰਨ ਸਿੰਘ ਦੇ ਸੰਬੰਧ ਵਿਚ ਮੈਂ ਨੇ ਇਕ ਲੇਖ ਲਿਖਿਆ ਸੀ। ਇਸ ਵਿਚ ਭਾਈ ਸਾਹਿਬ ਵੀਰ ਸਿੰਘ ਦੇ ਖ਼ਿਆਲਾਂ ਤੇ ਪੂਰਨ ਸਿੰਘ ਦੇ ਭਾਵਾਂ ਨੂੰ ਇਕ ਦ੍ਰਿਸ਼ਟੀ ਵਿਚ ਰੱਖਕੇ ਮੈਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਮੇਰੀ ਲਿਖਤ ਇਹ ਸੀ:

Puran Singh called the measure of 'Subjectivity' a special name *Surtu*. It is a Punjabi term used in common parlance meaning consciousness. In *Guru Granth* it is used in different connotations inclusive of its individual and universa aspects. Bhai Vir Singh in his writing used it as a measure to gauge in wardly the rise and fall of one's inner

spiritual sensibility. In Puran Singh this aspect acquires the role of a dominant note. He can rise in his 'inspiration' and the scale of *Surta* becomes the measure of the level thereof. He says :

"This strength of *Surta* is not like the strength of muscles, or of steel. It is the strength of the Poet's imagination. It is intersity that burns and whose light no darkness can dim———. And the greatest strength of the *Surta* is not in itself but in its attunement with its spiritual atmosphere."

(*The Spirits Born People*, p. 126)

My own comprehension of the subject leads me to the conclusion that *Surta* is the integrated awareness in which the three components have merged their identity, namely :

1. The instinctive subliminal perception.
2. The sensory intellectual consciousness.
3. The super sensuous mystical intuition.

Equipped with the insight of *Surta* the man is more occupied with the harmony of the Universe rather than its unity. *Shabd* in its primal sense signifies the musical harmony into which the *Surta* gets easily absorbed. It is thus the aesthetic interest that begins to play on the chords of the soul and through its attunement opens the gateway to self-realisation. It was Schelling who said :

> The mind does not attain or realise the Absolute either as intelligence or action but as the feeling of the beautiful in Nature and Art.

*Surta* is thus not only a sensitive indicator but the

very life rooted in nature. Puran Singh's emphasis, however, was on the gauge of it. But in Puran Singh's personal case, and I am an eye witness to the phenomenon, at times, the intensity of his sensitivity would rise so high that the mountings of the gauge would burst. Then his spirit would rise higher, above the normal, and beyond it, into the irrational and get itself locked in the madly passionate embrace of reality. This was indeed the case about which William Blake had said :

The road of excess leads to the palace of wisdom.

ਇਸ ਨਾਲ ਮਿਲਦੀ ਜੁਲਦੀ ਗੱਲ ਯਾਰੀ ਸਾਹਿਬ ਨੇ ਕਹੀ ਸੀ :

ਸੁਰਤਿ ਚੜੀ ਕਮਾਨ ਛੇਦਿ ਗਯੋ ਆਸਮਾਨ,<br>
ਲਾਮਕਾਨ ਕਾ ਮਕਾਨ ਉਦੈ ਭਯੋ ਭਾਨ ਹੈ ।

77064
13/10/91

# ਭਗਤ ਤੇ ਸੰਤ ਜੀਵਨੀਆਂ

1. ਗੁਲਵੰਤ ਸਿੰਘ
   ਮੌਲਾਨਾ ਜਲਾਲ-ਉਦ-ਦੀਨ ਮੁਹੰਮਦ ਰੂਮੀ 2-25
2. ਜੀ. ਐਸ. ਅਨੰਦ
   ਸ੍ਰੀਮੰਤ ਸ਼ੰਕਰਦੇਵ : ਜੀਵਨੀ ਤੇ ਸੰਦੇਸ਼ 9-25
3. ਹਿੰਮਤ ਸਿੰਘ ਸੋਢੀ
   ਗੁਰੂ ਰਾਮਦਾਸ : ਜੀਵਨੀ ਤੇ ਰਚਨਾ 12-25
4. ਜੋਧ ਸਿੰਘ
   ਭਗਤ ਕਬੀਰ ਜੀ : ਜੀਵਨੀ ਅਤੇ ਸਿੱਖਿਆ 22-00
5. ਜੋਧ ਸਿੰਘ
   ਭਗਤ ਰਵਿਦਾਸ : ਜੀਵਨ ਤੇ ਰਚਨਾ 8-30
6. ਜੋਧ ਸਿੰਘ
   ਭਗਤ ਨਾਮਦੇਵ ਤਥਾ ਹੋਰ ਭਗਤ : ਜੀਵਨ ਤੇ ਰਚਨਾ 17-00
7. ਪਿਆਰਾ ਸਿੰਘ ਪਦਮ
   ਮਹਾਤਮਾ ਸੰਤਰੇਨ 10-25
8. ਰਤਨ ਸਿੰਘ ਜੱਗੀ
   ਭਾਈ ਗੁਰਦਾਸ : ਜੀਵਨ ਤੇ ਰਚਨਾ 14-50
9. ਸ. ਸ. ਅਮੋਲ
   ਬਾਬਾ ਫ਼ਰੀਦ : ਜੀਵਨ
10. ਤਾਰਨ ਸਿੰਘ (ਸੰਪਾ.)
   ਗੁਰੂ ਤੇਗ ਬਹਾਦਰ : ਜੀ
11. ਗੁਰੂ ਤੇਗ਼ ਬਹਾਦਰ : ਜੀਵ

Library IIAS, Shimla
P 294.682 B 185 S
00077064

ਪੁਸਤਕਾਂ ਮਿਲਣ ਦਾ ਪਤਾ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ